MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ ਪੰਜਾਬ ਲਿੰਕ
WEEKLY NEWSPAPER VOL. : 11 ISSUE : 38 SATURDAY, 23 SEPTEMBER, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਭਾਰਤ ਨਿੱਝਰ ਹੱਤਿਆ ਕਾਂਡ ਦੀ ਜਾਂਚ 'ਚ ਸਹਿਯੋਗ ਕਰੇ ਪਰ ਅਸੀਂ ਸਬੂਤ ਨਸ਼ਰ ਨਹੀਂ ਕਰਾਂਗੇ-ਟਰੂਡੋ

## ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋਣ ਦੇ ਦੋਸ਼ ਖ਼ੁਫ਼ੀਆ ਜਾਣਕਾਰੀ 'ਤੇ ਅਧਾਰਤ-ਕੈਨੇਡੀਅਨ ਅਧਿਕਾਰੀ

ਨਿਊਯਾਰਕ-ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੀ ਜਾਂਚ ਵਿੱਚ ਸਹਿਯੋਗ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਕੈਨੇਡਾ ਇਸ ਮਾਮਲੇ 'ਚ ਆਪਣੇ ਸਬੂਤ ਨਸ਼ਰ ਨਹੀਂ ਕਰੇਗਾ। 45 ਸਾਲਾ ਨਿੱਝਰ ਕੈਨੇਡੀਅਨ ਨਾਗਰਿਕ ਸੀ। ਸੀਬੀਸੀ ਨਿਊਜ਼ ਨੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਵੱਖਰੇ ਤੌਰ 'ਤੇ ਰਿਪੋਰਟ ਕੀਤੀ ਕਿ ਸਿੱਖ ਵੱਖਵਾਦੀ ਨੇਤਾ ਦੇ ਕਤਲ ਦੀ ਮਹੀਨੇ ਲੰਬੀ ਜਾਂਚ ਵਿੱਚ ਕੈਨੇਡੀਅਨ ਸਰਕਾਰ ਨੇ ਜਾਣਕਾਰੀ ਇਕੱਠੀ ਕੀਤੀ ਹੈ। ਇਸੇ ਦੌਰਾਨ ਕੈਨੇਡੀਅਨ ਅਧਿਕਾਰੀ ਨੇ ਕਿਹਾ ਕਿ ਸਿੱਖ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਦੀ ਸ਼ਮੂਲੀਅਤ ਦੇ ਦੋਸ਼ ਕੈਨੇਡਾ ਵਿੱਚ ਭਾਰਤੀ ਡਿਪਲੋਮੈਟਾਂ ਦੀ ਨਿਗਰਾਨੀ ਅਤੇ ਮੁੱਖ ਸੂਤਰ ਵੱਲੋਂ ਮੁਹੱਈਆ ਕਰਵਾਈ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਹਨ। ਕੈਨੇਡੀਅਨ ਅਧਿਕਾਰੀ ਨੇ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਕਿ ਭਾਰਤੀ ਅਧਿਕਾਰੀਆਂ ਅਤੇ ਕੈਨੇਡਾ ਵਿੱਚ ਭਾਰਤੀ ਡਿਪਲੋਮੈਟਾਂ ਦਰਮਿਆਨ ਗੱਲਬਾਤ ਤੇ ਖੁਫੀਆ ਜਾਣਕਾਰੀ ਸਾਂਝੀ ਕਰਨ ਵਾਲੇ ਸਮੂਹ 'ਫਾਈਵ ਆਈਜ਼' ਦੇ ਇੱਕ ਮੈਂਬਰ ਨੇ ਜਾਣਕਾਰੀ ਸਾਂਝੀ ਕੀਤੀ ਹੈ। ਫਾਈਵ ਆਈਜ਼ ਵਿੱਚ ਕੈਨੇਡਾ, ਅਮਰੀਕਾ, ਬਰਤਾਨੀਆ, ਆਸਟਰੇਲੀਆ ਅਤੇ ਨਿਊਜ਼ੀਲੈਂਡ ਸ਼ਾਮਲ ਹਨ। ਅਧਿਕਾਰੀ ਨੇ ਆਪਣਾ ਨਾਂ ਨਾ ਦੱਸਣ ਦੀ ਸ਼ਰਤ 'ਤੇ ਇਹ ਜਾਣਕਾਰੀ ਦਿੱਤੀ। ਹਾਲਾਂਕਿ ਉਨ੍ਹਾਂ ਨੇ ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਕਿ ਇਹ ਗੁਪਤ ਜਾਣਕਾਰੀ ਕਿਸ ਸਹਿਯੋਗੀ ਦੇਸ਼ ਨੇ ਸਾਂਝੀ ਕੀਤੀ ਜਾਂ ਗੱਲਬਾਤ ਵਿੱਚ ਕੀ ਸੀ ਅਤੇ ਉਨ੍ਹਾਂ ਨੂੰ ਇਸ ਬਾਰੇ ਕਿਵੇਂ ਪਤਾ ਲੱਗਾ।



## ਭਾਰਤ ਵਲੋਂ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਅਣਮਿਥੇ ਸਮੇਂ ਲਈ ਮੁਲਤਵੀ

### ਕੈਨੇਡਾ ਵਲੋਂ ਭਾਰਤ ਵਿਚ ਸੇਵਾਵਾਂ ਜਾਰੀ ਪਰ ਸਟਾਫ ਵਿਚ ਕਟੌਤੀ ਕੀਤੀ

ਵੈਨਕੂਵਰ (ਦੇ. ਪ੍ਰ. ਬਿ.)-ਭਾਰਤ ਨੇ ਕੈਨੇਡਾ ਦੇ ਨਾਗਰਿਕਾਂ ਲਈ ਸਾਰੀਆਂ ਵੀਜ਼ਾ ਸੇਵਾਵਾਂ ਮੁਲਤਵੀ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੈਨੇਡਾ ਦੇ ਇੱਕ ਨਾਗਰਿਕ ਦੀ ਹੱਤਿਆ ਵਿੱਚ ਭਾਰਤ ਦੇ ਹੱਥ ਹੋਣ ਦਾ ਦੋਸ਼ ਲਗਾਏ ਜਾਣ ਉਪਰੰਤ ਦੋਵਾਂ ਦੇਸ਼ਾਂ ਦਰਮਿਆਨ ਦਰਾੜ ਵਧਣ ਕਾਰਨ ਵੀਰਵਾਰ ਨੂੰ ਆਪਣੇ ਡਿਪਲੋਮੈਟਿਕ ਸਟਾਫ ਨੂੰ ਘਟਾਉਣ ਲਈ ਕਿਹਾ ਗਿਆ ਹੈ। ਇਸਤੋਂ ਪਹਿਲਾਂ ਕੈਨੇਡਾ ਨੇ ਵੀ ਇੱਕ ਭਾਰਤੀ ਡਿਪਲੋਮੈਟ ਨੂੰ ਕੱਢ ਦਿੱਤਾ ਅਤੇ ਭਾਰਤ ਨੇ ਮੰਗਲਵਾਰ ਨੂੰ ਇੱਕ ਕੈਨੇਡੀਅਨ ਡਿਪਲੋਮੈਟ ਨੂੰ ਕੱਢ ਦਿੱਤਾ ਸੀ । ਭਾਰਤੀ ਮਿਸ਼ਨ ਅਤੇ ਕੈਨੇਡਾ ਵਿੱਚ BLS ਭਾਰਤੀ ਵੀਜ਼ਾ ਐਪਲੀਕੇਸ਼ਨ ਸੈਂਟਰ ਵਲੋਂ ਜਾਰੀ ਇਕ ਨੋਟਿਸ ਵਿਚ ਕਿਹਾ ਗਿਆ ਹੈ ਕਿ ਕੁਝ ਮਹੱਤਵਪੂਰਣ ਕਾਰਣਾਂ ਕਰਕੇ 21 ਸਤੰਬਰ ਤੋਂ ਭਾਰਤੀ ਵੀਜ਼ਾ ਸੇਵਾਵਾਂ ਨੂੰ ਅਗਲੇ ਹੁਕਮਾਂ ਤੱਕ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਸਬੰਧੀ ਹੋਰ ਵੇਰਵੇ ਨਹੀਂ ਦਿੱਤੇ। ਭਾਰਤ ਦੇ ਇਮੀਗ੍ਰੇਸ਼ਨ ਬਿਊਰੋ ਅਨੁਸਾਰ,

(ਬਾਕੀ ਸਫ਼ਾ 6 'ਤੇ)

For All Kind of Real Estate Needs
ਕਾਬਲੀਅਤ, ਤਜ਼ੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
* Stats from Fraser Valley Board 2020-2021
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD CERTIFIED CLINICIAN
ਜੇ ਤੁਹਾਡੇ ਇੱਕ, ਇੱਕ ਤੋ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇ ਲਗਵਾਉਣੇ ਹਨ।
ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D. Registered Denturist
Book Your Appointment
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੇਜੀਡੇਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval In 2 Hours
@HARPREETFUNDING
Licensed professional mortgage broker

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
Get the legal support you need now.
Serving all of British Columbia
• Family Law
• Personal Injury
• Estate Litigation
• Employment Law
• Immigration Law
• Insurance Denials
We have translators fluent in Hindi and Punjabi.
Book your legal consultation
604 689 8888
simpsonthomas.com
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.
@stalawyers
BBB
ACCREDITED BUSINESS

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax

LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 38 SATURDAY, 23 SEPTEMBER, 2023
www.punjablinkpaper.com 604-503-5465



ਰੇਡੀਓ ਪੰਜਾਬ ਹੁਣ AM 1600ਅਤੇ 105.3 'ਤੇ
Radio Punjab
Available on the App Store
Google play
ਤਿੰਨ ਰੰਗ
7pm to 10pm
B.C. Time
Every Weekend

Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca


## ਗੈਂਗਸਟਰ ਸੁੱਖਾ ਦੁੱਨੇਕੇ ਦੀ ਕੈਨੇਡਾ 'ਚ ਹੱਤਿਆ

### • ਸੂਤਰਾਂ ਨੇ ਹੱਤਿਆ ਨੂੰ 'ਗਰੋਹਾਂ ਵਿਚਲੀ ਰੰਜਿਸ਼' ਦਾ ਨਤੀਜਾ ਦੱਸਿਆ



ਚੰਡੀਗੜ੍ਹ/ਨਵੀਂ ਦਿੱਲੀ-ਗੈਂਗਸਟਰ ਸੁਖਦੂਲ ਸਿੰਘ ਉਰਫ਼ ਸੁੱਖਾ ਦੁੱਨੇਕੇ ਦੀ ਕੁਝ ਅਣਪਛਾਤਿਆਂ ਨੇ ਕੈਨੇਡਾ ਦੇ ਵਿਨੀਪੈੱਗ ਸ਼ਹਿਰ 'ਚ ਹੱਤਿਆ ਕਰ ਦਿੱਤੀ ਹੈ। ਸੁੱਖਾ ਦੁਨੇਕੇ ਪੰਜਾਬ ਦੇ ਅਤਿ ਲੋੜੀਂਦੇ ਅਪਰਾਧੀਆਂ ਵਿਚੋਂ ਇਕ ਸੀ। ਸੂਤਰਾਂ ਨੇ ਕਿਹਾ ਦੂਨੇਕੇ ਦੀ ਹੱਤਿਆ ਗਰੋਹਾਂ ਦੀ ਆਪਸੀ ਰੰਜਿਸ਼ ਦਾ ਨਤੀਜਾ ਲੱਗਦੀ ਹੈ। ਸੂਤਰਾਂ ਮੁਤਾਬਕ ਕੈਨੇਡਾ ਆਧਾਰਿਤ ਗੈਂਗਸਟਰ, ਜਿਸ ਖ਼ਿਲਾਫ਼ ਕਤਲ, ਇਰਾਦਾ ਕਤਲ ਤੇ ਲੁੱਟ ਸਣੇ ਘੱਟੋ-ਘੱਟ 18 ਕੇਸ ਦਰਜ ਸਨ, ਦੀ ਹੱਤਿਆ ਕੈਨੇਡਾ ਦੇ ਸਮੇਂ ਮੁਤਾਬਕ ਬੁੱਧਵਾਰ ਰਾਤ ਨੂੰ ਕੀਤੀ ਗਈ ਸੀ। ਗੈਂਗਸਟਰ ਦੀ ਹੱਤਿਆ ਦੀ ਖ਼ਬਰ ਅਜਿਹੇ ਮੌਕੇ ਆਈ ਹੈ ਜਦੋਂ ਖਾਲਿਸਤਾਨੀ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ (ਜੂਨ ਵਿੱਚ ਹੋਈ) ਹੱਤਿਆ ਨੂੰ ਲੈ ਕੇ ਭਾਰਤ ਤੇ ਕੈਨੇਡਾ ਦਰਮਿਆਨ ਕੂਟਨੀਤਕ ਟਕਰਾਅ ਸਿਖਰ 'ਤੇ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਿੱਝਰ ਦੀ ਹੱਤਿਆ 'ਚ ਕਥਿਤ ਭਾਰਤੀ ਏਜੰਟਾਂ ਦੀ 'ਸੰਭਾਵੀ ਸ਼ਮੂਲੀਅਤ' ਦਾ ਦਾਅਵਾ ਕੀਤਾ ਸੀ। ਅਧਿਕਾਰਤ ਸੂਤਰਾਂ ਮੁਤਾਬਕ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਪਿੰਡ ਦੁੱਨੇਕੇ ਕਲਾਂ ਨਾਲ ਸਬੰਧਤ ਗੈਂਗਸਟਰ ਸੁੱਖਾ ਦੁੱਨੇਕੇ ਦਸੰਬਰ 2017 ਵਿੱਚ ਕੈਨੇਡਾ ਭੱਜ ਗਿਆ ਸੀ। ਦੁੱਨੇਕੇ, ਦਵਿੰਦਰ ਬੰਬੀਹਾ ਗਰੋਹ ਦਾ ਸਰਗਰਮ ਮੈਂਬਰ ਸੀ ਤੇ ਕੈਨੇਡਾ ਆਧਾਰਿਤ ਗੈਂਗਸਟਰ ਤੋਂ ਦਹਿਸ਼ਤਗਰਦ ਬਣੇ ਅਰਸ਼ ਡੱਲਾ, (ਬਾਕੀ ਸਫ਼ਾ 9 'ਤੇ)

# ਮਹਿਲਾ ਰਾਖਵਾਂਕਰਨ ਬਿੱਲ 'ਤੇ ਸੰਸਦ ਦੀ ਮੋਹਰ

## ਬਿੱਲ ਦੇ ਹੱਕ 'ਚ 215 ਤੇ ਵਿਰੋਧ 'ਚ ਕੋਈ ਵੋਟ ਨਹੀਂ



ਨਵੀਂ ਦਿੱਲੀ-ਮਹਿਲਾਵਾਂ ਨੂੰ ਲੋਕ ਸਭਾ ਤੇ ਵਿਧਾਨ ਸਭਾਵਾਂ 'ਚ 33 ਫੀਸਦ ਰਾਖਵਾਂਕਰਨ ਦੇਣ ਦੀ ਤਜਵੀਜ਼ ਵਾਲਾ ਬਿੱਲ ਲੋਕ ਸਭਾ ਤੋਂ ਬਾਅਦ ਰਾਜ ਸਭਾ ਵੱਲੋਂ ਵੀ ਪਾਸ ਕਰ ਦਿੱਤਾ ਗਿਆ ਹੈ। ਸੰਸਦ ਦੇ ਉੱਪਰਲੇ ਸਦਨ 'ਚ ਇਸ ਬਿੱਲ 'ਤੇ ਹੋਈ ਵੋਟਿੰਗ ਦੌਰਾਨ ਬਿੱਲ ਦੇ ਹੱਕ ਵਿੱਚ 215 ਵੋਟਾਂ ਪਈਆਂ ਜਦਕਿ ਕਿਸੇ ਵੀ ਮੈਂਬਰ ਨੇ ਬਿੱਲ ਦੇ ਵਿਰੋਧ ਵਿੱਚ ਵੋਟ ਨਹੀਂ ਪਾਈ। ਉਂਝ ਇਹ ਕਾਨੂੰਨ ਜਨਗਣਨਾ ਤੇ ਪੁਨਰ ਹੱਦਬੰਦੀ ਮਗਰੋਂ 2029 ਵਿੱਚ ਅਮਲ ਵਿੱਚ ਆਵੇਗਾ। ਵਿਰੋਧੀ ਧਿਰਾਂ ਨੇ ਬਿੱਲ ਨੂੰ ਹਾਕਮ ਧਿਰ ਭਾਜਪਾ ਦਾ 'ਚੋਣ ਏਜੰਡਾ' ਅਤੇ 'ਝੁਨਝੁਨਾ' ਕਰਾਰ ਦਿੰਦਿਆਂ ਮੰਗ ਕੀਤੀ ਕਿ ਬਿੱਲ ਨੂੰ ਜਨਗਣਨਾ ਅਤੇ ਪੁਨਰ ਹੱਦਬੰਦੀ ਤੋਂ ਪਹਿਲਾਂ ਹੀ ਲਾਗੂ ਕੀਤਾ ਜਾਵੇ। ਵਿਰੋਧੀ ਧਿਰਾਂ ਦੇ ਮੈਂਬਰਾਂ ਨੇ ਇਹ ਵੀ ਦੋਸ਼ ਲਾਇਆ ਕਿ ਸਰਕਾਰ ਚੋਣ ਲਾਹੇ ਲਈ ਇਹ ਬਿੱਲ ਲੈ ਕੇ ਆਈ ਹੈ ਜਦਕਿ ਇਸ ਦਾ ਲਾਭ ਲੈਣ ਲਈ ਲੰਬੀ ਉਡੀਕ ਕਰਨੀ ਪਵੇਗੀ। ਬਿੱਲ 'ਤੇ ਵੋਟਿੰਗ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸਦਨ 'ਚ ਮੌਜੂਦ ਸਨ ਅਤੇ ਉਨ੍ਹਾਂ ਬਿੱਲ ਪਾਸ ਹੋਣ 'ਤੇ ਸਾਰੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਬਿੱਲ ਦੇਸ਼ ਦੀ ਨਾਰੀ ਸ਼ਕਤੀ ਨੂੰ ਨਵੀਂ ਊਰਜਾ ਦੇਣ ਵਾਲਾ ਹੈ ਅਤੇ ਇਸ ਨਾਲ ਮਹਿਲਾਵਾਂ ਰਾਸ਼ਟਰ ਨਿਰਮਾਣ 'ਚ ਯੋਗਦਾਨ ਦੇਣ ਲਈ ਲੀਡਰਸ਼ਿਪ ਨਾਲ ਅੱਗੇ ਆਉਣਗੀਆਂ। ਇਸ ਤੋਂ ਪਹਿਲਾਂ ਕਾਂਗਰਸ ਮੈਂਬਰ ਕੇਸੀ ਵੇਣੂਗੋਪਾਲ ਨੇ ਕਿਹਾ ਕਿ ਸਰਕਾਰ 2014 'ਚ ਸੱਤਾ 'ਚ ਆ ਗਈ ਸੀ ਅਤੇ ਉਸ ਨੇ ਮਹਿਲਾ ਰਾਖਵਾਂਕਰਨ ਲਾਗੂ ਕਰਨ ਦਾ ਵਾਅਦਾ ਵੀ ਕੀਤਾ ਸੀ ਤਾਂ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਰਕਾਰ ਨੂੰ ਇੰਨੇ ਸਮੇਂ ਤੱਕ ਇਹ ਬਿੱਲ ਲਿਆਉਣ ਤੋਂ ਕਿਸ ਨੇ ਰੋਕਿਆ ਸੀ। ਉਨ੍ਹਾਂ ਤਨਜ਼ ਕਸਦਿਆਂ ਕਿਹਾ ਕਿ ਸਰਕਾਰ ਕੀ ਨਵੇਂ ਸੰਸਦ ਭਵਨ ਦੇ ਬਣਨ ਦੀ ਉਡੀਕ ਕਰ ਰਹੀ ਸੀ ਜਾਂ ਇਸ 'ਤੇ ਵਾਸਤੂ ਨਾਲ ਜੁੜਿਆ ਕੋਈ ਮੁੱਦਾ ਸੀ। ਵੇਣੂਗੋਪਾਲ ਨੇ ਯੂਪੀਏ ਸਰਕਾਰ ਸਮੇਂ ਬਣਾਏ ਗਏ ਵੱਖ ਵੱਖ ਕਾਨੂੰਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਲੋਕਾਂ ਦੇ ਜੀਵਨ 'ਚ ਬਦਲਾਅ ਲਿਆਉਣ ਵਾਲੇ ਸਨ ਅਤੇ ਤਤਕਾਲੀ ਸਰਕਾਰ ਨੇ ਦਿਲ ਨਾਲ ਇਹ ਕਾਨੂੰਨ ਲਿਆਂਦੇ ਸਨ ਜਦਕਿ ਮੌਜੂਦਾ ਸਰਕਾਰ ਇਹ ਬਿੱਲ ਦਿਲ ਦੀ ਬਜਾਏ ਦਿਮਾਗ ਦੀ ਵਰਤੋਂ ਕਰ ਰਹੀ ਹੈ। ਇਸ ਤੋਂ ਪਹਿਲਾਂ ਕਾਂਗਰਸ ਮੈਂਬਰ ਰਣਜੀਤ ਰੰਜਨ ਨੇ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਬਿੱਲ ਪਿੱਛੇ ਸਾਜ਼ਿਸ਼ ਨਜ਼ਰ (ਬਾਕੀ ਸਫ਼ਾ 9 'ਤੇ)


GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ

MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca



ਫਾਸਟ ਡਰਾਈਵਾਲ
Complete Drywall Services

ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000



WE NOW OFFER OVER 40 PROGRAMS
StudentAidBC

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave



Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza

ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey



HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com



So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ



NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।

• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਾਂ ਫਰਾਂਸਿਸਕੋ 'ਚ ਭਾਰਤੀ ਸਫਾਰਤਖਾਨੇ 'ਤੇ ਹਮਲੇ ਸਬੰਧੀ 10 ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ

**• ਐੱਨਆਈਏ ਨੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਲੋਕਾਂ ਤੋਂ ਸਹਿਯੋਗ ਮੰਗਿਆ • 18 ਤੇ 19 ਮਾਰਚ ਦੀ ਦਰਮਿਆਨੀ ਰਾਤ ਨੂੰ ਵਾਪਰੀ ਸੀ ਘਟਨਾ**

ਨਵੀਂ ਦਿੱਲੀ-ਦੇਸ਼ ਦੀ ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਇਸ ਸਾਲ ਮਾਰਚ ਮਹੀਨੇ ਵਿੱਚ ਅਮਰੀਕਾ ਦੇ ਸਾਂ ਫਰਾਂਸਿਸਕੋ ਸਥਿਤ ਭਾਰਤੀ ਸਫਾਰਤਖਾਨੇ 'ਤੇ ਹਮਲੇ 'ਚ ਸ਼ਾਮਲ 10 ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ ਕਰਕੇ ਲੋਕਾਂ ਤੋਂ ਉਨ੍ਹਾਂ ਬਾਰੇ ਜਾਣਕਾਰੀ ਮੰਗੀ ਹੈ। ਐੱਨਆਈਏ ਨੇ ਮੁਲਜ਼ਮਾਂ ਦੇ ਖ਼ਿਲਾਫ਼ 'ਪਛਾਣ ਲਈ ਅਪੀਲ ਤੇ ਸੂਚਨਾ' ਦੇਣ ਬਾਰੇ ਤਿੰਨ ਨੋਟਿਸ ਜਾਰੀ ਕੀਤੇ ਹਨ ਅਤੇ ਅਜਿਹੀ ਜਾਣਕਾਰੀ ਮੰਗੀ ਹੈ ਜੋ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਜਾਂ ਉਨ੍ਹਾਂ ਨੂੰ ਫੜਨ ਵਿੱਚ ਮਦਦਗਾਰ ਸਾਬਤ ਹੋ ਸਕੇ। ਇਸ ਸਬੰਧ ਵਿੱਚ ਜਾਰੀ ਦੋ ਨੋਟਿਸਾਂ ਵਿੱਚ ਚਾਰ ਮੁਲਜ਼ਮਾਂ ਦੀਆਂ ਤਸਵੀਰਾਂ ਹਨ ਤੇ ਤੀਸਰੇ ਨੋਟਿਸ ਵਿੱਚ ਇਸ ਮਾਮਲੇ ਨਾਲ ਸਬੰਧਤ ਹੋਰਨਾਂ ਛੇ ਮੁਲਜ਼ਮਾਂ ਦੀਆਂ ਤਸਵੀਰਾਂ ਹਨ। ਏਜੰਸੀ ਨੇ ਮੁਲਜ਼ਮਾਂ ਬਾਰੇ ਜਾਣਕਾਰੀ ਸਾਂਝੀ ਕਰਨ ਵਾਲੇ ਕਿਸੇ ਵੀ ਵਿਅਕਤੀ ਦੀ ਪਛਾਣ ਜ਼ਾਹਰ ਨਾ ਕਰਨ ਦਾ ਵਾਅਦਾ ਕੀਤਾ ਹੈ। ਐੱਨਆਈਏ ਅਨੁਸਾਰ ਇਹ ਕੇਸ 18 ਅਤੇ 19 ਮਾਰਚ ਦੀ ਦਰਮਿਆਨੀ ਰਾਤ ਨੂੰ ਸਾਂ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟ ਉੱਤੇ ਹੋਏ ਹਮਲੇ ਤੋਂ ਬਾਅਦ ਦਰਜ ਕੀਤਾ ਗਿਆ ਸੀ। ਏਜੰਸੀ ਅਨੁਸਾਰ ਕੁਝ ਖਾਲਿਸਤਾਨੀ ਸਮਰਥਕ ਕਥਿਤ ਤੌਰ 'ਤੇ ਸਫਾਰਤਖਾਨੇ ਵਿੱਚ ਵੜ ਗਏ ਸਨ ਤੇ ਉਸ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਉਸੇ ਦਿਨ ਖਾਲਿਸਤਾਨੀ ਸਮਰਥਕਾਂ ਨੇ ਨਾਅਰੇ ਵੀ ਲਾਏ ਸਨ ਤੇ ਪੁਲੀਸ ਵੱਲੋਂ ਸੁਰੱਖਿਆ ਲਈ ਲਾਏ ਗਏ ਆਰਜ਼ੀ ਬੈਰੀਅਰ ਵੀ ਤੋੜੇ, ਸਫਾਰਤਖਾਨੇ 'ਚ ਦੋ ਕਥਿਤ ਖਾਲਿਸਤਾਨ ਪੱਖੀ ਝੰਡੇ ਵੀ ਲਗਾਏ, ਇਮਾਰਤ ਨੂੰ ਨੁਕਸਾਨ ਪਹੁੰਚਾਇਆ ਅਤੇ ਅਧਿਕਾਰੀਆਂ 'ਤੇ ਹਮਲਾ ਕੀਤਾ ਗਿਆ ਸੀ। ਫੈਡਰਲ ਜਾਂਚ ਏਜੰਸੀ ਨੇ ਦੱਸਿਆ ਕਿ ਇਹ ਮੁਲਜ਼ਮ 1 ਤੇ 2 ਜੁਲਾਈ ਦੀ ਦਰਮਿਆਨੀ ਰਾਤ ਨੂੰ ਮੁੜ ਸਫਾਰਤਖਾਨੇ 'ਚ ਦਾਖਲ ਹੋਏ ਤੇ ਇਮਾਰਤ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਇਸ ਘਟਨਾ ਵੇਲੇ ਅਧਿਕਾਰੀ ਸਫਾਰਤਖਾਨੇ 'ਚ ਮੌਜੂਦ ਸਨ। ਐੱਨਆਈਏ ਨੇ 16 ਜੂਨ ਨੂੰ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਜਾਂਚ ਆਰੰਭੀ ਸੀ। ਐੱਨਆਈਏ ਦੀ ਟੀਮ ਅਗਸਤ ਮਹੀਨੇ 'ਚ ਸਾਂ ਫਰਾਂਸਿਸਕੋ ਵੀ ਗਈ ਸੀ।








# ਭਾਰਤੀ ਪਾੜ੍ਹਿਆਂ ਲਈ ਵਿਦੇਸ਼ 'ਚ ਡਾਕਟਰੀ ਦਾ ਰਾਹ ਪੱਧਰਾ

ਨਵੀਂ ਦਿੱਲੀ-ਭਾਰਤ ਵਿੱਚ ਮੈਡੀਕਲ ਵਿਸ਼ੇ ਵਿੱਚ ਗਰੈਜੂਏਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਹੁਣ ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਮੁਲਕਾਂ ਵਿੱਚ ਇਲਾਜ ਜਾਂ ਪੋਸਟ-ਗਰੈਜੂਏਸ਼ਨ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ ਕਿਉਂਕਿ ਭਾਰਤ ਦੇ ਨੈਸ਼ਨਲ ਮੈਡੀਕਲ ਕਮਿਸ਼ਨ (ਐੱਨਐੱਮਸੀ) ਨੂੰ ਵਰਲਡ ਫੈਡਰੇਸ਼ਨ ਫਾਰ ਮੈਡੀਕਲ ਐਜੂਕੇਸ਼ਨ (ਡਬਲਿਊਐੱਫਐੱਮਈ) ਨੇ ਮਾਨਤਾ ਦੇ ਦਿੱਤੀ ਹੈ। ਸਿਹਤ ਮੰਤਰਾਲੇ ਨੇ ਦੱਸਿਆ ਕਿ ਮੌਜੂਦਾ ਸਮੇਂ ਐੱਨਐੱਮਸੀ ਵੱਲੋਂ ਚਲਾਏ ਜਾਂਦੇ ਸਾਰੇ 706 ਮੈਡੀਕਲ ਕਾਲਜ ਹੁਣ ਡਬਲਿਊਐੱਫਐੱਮਈ ਤੋਂ ਮਾਨਤਾ ਪ੍ਰਾਪਤ ਹੋਣਗੇ, ਜਦਕਿ



ਅਗਲੇ 10 ਸਾਲ ਵਿੱਚ ਸਥਾਪਤ ਕੀਤੇ ਜਾਣ ਵਾਲੇ ਨਵੇਂ ਮੈਡੀਕਲ ਕਾਲਜਾਂ ਨੂੰ ਵੀ ਇਹ ਮਾਨਤਾ ਮਿਲੇਗੀ। ਐੱਨਐੱਮਸੀ ਵਿੱਚ ਨੈਤਿਕਤਾ ਅਤੇ ਮੈਡੀਕਲ ਰਜਿਸਟਰੇਸ਼ਨ ਬੋਰਡ ਦੇ ਮੈਂਬਰ ਡਾ. ਯੋਗੇਂਦਰ ਮਲਿਕ ਨੇ ਦੱਸਿਆ, "ਇਸ ਮਾਨਤਾ ਨਾਲ ਸਾਡੇ ਵਿਦਿਆਰਥੀਆਂ ਨੂੰ ਦੁਨੀਆ ਵਿੱਚ ਕਿਤੇ ਵੀ ਕਰੀਅਰ ਬਣਾਉਣ ਦਾ ਮੌਕਾ ਮਿਲੇਗਾ ਅਤੇ ਨਾਲ ਹੀ ਵਿਸ਼ਵ ਪੱਧਰੀ ਮਾਨਤਾ ਮਿਲਣ ਨਾਲ ਭਾਰਤ ਕੌਮਾਂਤਰੀ ਵਿਦਿਆਰਥੀਆਂ ਲਈ ਪਸੰਦੀਦਾ ਸਥਾਨ ਬਣੇਗਾ।" ਮਾਨਤਾ ਤਹਿਤ ਐੱਨਐੱਮਸੀ ਨੂੰ ਅਧਿਕਾਰਕ ਤੌਰ 'ਤੇ ਮਾਨਤਾ ਪੱਤਰ ਅਤੇ ਪ੍ਰਮਾਣ ਪੱਤਰ ਦਿੱਤਾ ਜਾਵੇਗਾ।







# ਪੰਜਾਬ 'ਚ ਸਾਢੇ ਛੇ ਵਰ੍ਹਿਆਂ ਵਿਚ 24 ਲਾਇਸੈਂਸੀ ਅਮਲੀ ਜਹਾਨੋਂ ਤੁਰੇ

## ਕੋਟੇ ਵਾਲੀ ਅ.ਫੀਮ ਦੀ ਸਪਲਾਈ ਸਾਲ ਤੋਂ ਬੰਦ; ਸੂਬੇ ਵਿਚ ਅੱਠ ਲਾਇਸੈਂਸੀ ਅਮਲੀ ਹੀ ਬਚੇ

ਚੰਡੀਗੜ੍ਹ-ਪੰਜਾਬ ਵਿੱਚ ਸਰਕਾਰੀ ਅਫ਼ੀਮ ਦਾ ਖ਼ਜ਼ਾਨਾ ਖ਼ਾਲੀ ਜਾਪਦਾ ਹੈ। ਤਾਹੀਓਂ ਲਾਇਸੈਂਸੀ ਅਮਲੀ ਹੁਣ ਸੁੱਕਣੇ ਪਏ ਹੋਏ ਹਨ, ਜਿਹੜੇ ਇੱਕ ਸਾਲ ਤੋਂ ਸਰਕਾਰੀ ਅਫ਼ੀਮ ਦੀ ਝਾਕ 'ਚ ਬੈਠੇ ਹਨ। ਕੋਈ ਵੇਲਾ ਸੀ ਜਦੋਂ ਪੰਜਾਬ 'ਚ ਲਾਇਸੈਂਸੀ ਅਮਲੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਸੀ। ਪੰਜਾਬ ਵਿਚ ਇਸ ਵੇਲੇ ਸਿਰਫ਼ ਅੱਠ ਲਾਇਸੈਂਸੀ ਅਮਲੀ ਬਾਕੀ ਰਹਿ ਗਏ ਹਨ, ਜਿਨ੍ਹਾਂ ਨੂੰ ਕਰੀਬ ਇੱਕ ਸਾਲ ਤੋਂ ਸਰਕਾਰੀ ਅਫ਼ੀਮ ਦੀ ਸਪਲਾਈ ਨਹੀਂ ਮਿਲੀ ਹੈ। ਹਾਲਾਂਕਿ ਇਨ੍ਹਾਂ ਦੀ ਅਫ਼ੀਮ ਲਈ ਕੋਈ ਵੱਡਾ ਬਜਟ ਲੋੜੀਂਦਾ ਨਹੀਂ ਹੈ। ਵੇਰਵਿਆਂ ਅਨੁਸਾਰ ਪੰਜਾਬ 'ਚ ਸਭ ਤੋਂ ਵੱਧ ਸਿਰਫ਼ ਤਿੰਨ ਲਾਇਸੈਂਸੀ ਅਮਲੀ ਜ਼ਿਲ੍ਹਾ ਫ਼ਰੀਦਕੋਟ 'ਚ ਬਚੇ ਹਨ। ਜਦੋਂ ਫ਼ਰੀਦਕੋਟ ਜ਼ਿਲ੍ਹੇ 'ਚ ਮੁਕਤਸਰ ਤੇ ਮੋਗਾ ਵੀ ਸ਼ਾਮਲ ਸਨ, ਉਦੋਂ ਇਸ ਜ਼ਿਲ੍ਹੇ 'ਚ ਸੈਂਕੜੇ ਲਾਇਸੈਂਸੀ ਅਮਲੀ ਹੁੰਦੀ ਸਨ। ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਵਿਚ ਦੋ ਲਾਇਸੈਂਸੀ ਅਮਲੀ ਰਹਿ ਗਏ ਹਨ, ਜਦਕਿ ਰੋਪੜ, ਸੰਗਰੂਰ ਅਤੇ ਲੁਧਿਆਣਾ ਵਿਚ ਇੱਕ-ਇੱਕ ਲਾਇਸੈਂਸੀ ਅਮਲੀ ਹੈ। ਹਰ ਲਾਇਸੈਂਸੀ ਅਮਲੀ ਨੂੰ ਸਰਕਾਰ ਵੱਲੋਂ ਤਿੰਨ ਤੋਂ ਦਸ ਗਰਾਮ ਤੱਕ ਅਫ਼ੀਮ ਦੀ ਪ੍ਰਤੀ ਮਹੀਨਾ ਸਪਲਾਈ ਦਿੱਤੀ ਜਾਂਦੀ ਰਹੀ ਹੈ, ਜੋ ਹੁਣ ਇੱਕ ਸਾਲ ਤੋਂ ਬੰਦ ਹੈ।

ਬਠਿੰਡਾ ਜ਼ਿਲ੍ਹੇ ਵਿੱਚ ਪਿੰਡ ਗੋਬਿੰਦਪੁਰਾ ਦਾ ਨੰਬਰਦਾਰ ਕਿਰਪਾਲ ਸਿੰਘ ਅਤੇ ਸੂਰੁਪਾ ਨੰਦ ਦੋ ਹੀ ਲਾਇਸੈਂਸ ਹੋਲਡਰ ਹਨ। ਸਿਵਲ ਸਰਜਨ ਦਫ਼ਤਰ ਵੱਲੋਂ ਹਰ ਮਹੀਨੇ ਪਹਿਲਾਂ ਲਾਇਸੈਂਸ ਹੋਲਡਰਾਂ ਨੂੰ ਅਫ਼ੀਮ ਦਿੱਤੀ ਜਾਂਦੀ ਰਹੀ ਹੈ। ਸੈਂਟਰ ਬਿਊਰੋ ਆਫ਼ ਨਾਰਕੋਟਿਕਸ ਗਵਾਲੀਅਰ (ਮੱਧ ਪ੍ਰਦੇਸ਼) ਵੱਲੋਂ ਪੰਜਾਬ ਸਰਕਾਰ ਨੂੰ ਸਰਕਾਰੀ ਅਫ਼ੀਮ ਸਪਲਾਈ ਕੀਤੀ ਜਾਂਦੀ ਹੈ। ਲੰਘੇ ਢਾਈ ਦਹਾਕਿਆਂ ਦੌਰਾਨ ਪੰਜਾਬ 'ਚੋਂ ਕਰੀਬ 1100 ਲਾਇਸੈਂਸੀ ਅਮਲੀ ਫ਼ੌਤ ਹੋ ਚੁੱਕੇ ਹਨ। ਕਪੂਰਥਲਾ ਜ਼ਿਲ੍ਹੇ ਦੇ ਆਖ਼ਰੀ ਇਕਲੌਤੇ ਲਾਇਸੈਂਸੀ ਚੰਨਣ ਸਿੰਘ ਦੀ ਵੀ ਕਈ ਵਰ੍ਹੇ ਪਹਿਲਾਂ ਮੌਤ ਹੋ ਗਈ ਸੀ। ਸਿਹਤ ਮਹਿਕਮੇ ਦੇ ਅਧਿਕਾਰੀ ਦੱਸਦੇ ਹਨ ਕਿ ਲਾਇਸੈਂਸ ਹੋਲਡਰ ਹਰ ਹਫ਼ਤੇ ਫ਼ੋਨ ਖੜਕਾ ਰਹੇ ਹਨ ਪਰ ਉੱਪਰੋਂ ਉਨ੍ਹਾਂ ਕੋਲ ਸਪਲਾਈ ਪੁੱਜੀ ਨਹੀਂ ਹੈ।

ਇੱਕ ਲਾਇਸੈਂਸੀ ਅਮਲੀ ਦਾ ਕਹਿਣਾ ਸੀ ਕਿ ਪੰਜਾਬ ਸਰਕਾਰ ਕੋਲ ਸਾਡੇ 'ਮਾਵੇ' ਲਈ ਫ਼ੰਡ ਮੁੱਕ ਗਏ ਹਨ। ਜਾਣਕਾਰੀ ਅਨੁਸਾਰ ਮਾਨਸਾ ਜ਼ਿਲ੍ਹੇ ਵਿੱਚ ਆਖ਼ਰੀ ਲਾਇਸੈਂਸੀ ਦੀ ਸਾਲ 2004 ਵਿਚ ਮੌਤ ਹੋ ਗਈ ਸੀ। ਪੰਜਾਬ ਵਿਚ ਵਰ੍ਹਾ 1995 ਵਿਚ ਲਾਇਸੈਂਸ ਹੋਲਡਰਾਂ ਦੀ ਗਿਣਤੀ ਕਰੀਬ 1200 ਸੀ, ਜਦਕਿ ਸਾਲ 2017 ਤੱਕ ਇਹ ਗਿਣਤੀ ਘੱਟ ਕੇ ਕੇਵਲ 32 ਰਹਿ ਗਈ ਸੀ। ਇਨ੍ਹਾਂ 'ਚੋਂ ਲੰਘੇ ਸਾਢੇ ਛੇ ਵਰ੍ਹਿਆਂ ਵਿਚ 24 ਲਾਇਸੈਂਸੀ ਅਮਲੀ ਰੱਬ ਨੂੰ ਪਿਆਰੇ ਹੋ ਚੁੱਕੇ ਹਨ ਅਤੇ ਬਾਕੀ ਬਚੇ ਅੱਠ ਲਾਇਸੈਂਸ ਹੋਲਡਰ ਜ਼ਿੰਦਗੀ ਦੇ ਆਖ਼ਰੀ ਮੋੜ 'ਤੇ ਖੜ੍ਹੇ ਹਨ।

ਇੱਕ ਅੰਦਾਜ਼ੇ ਅਨੁਸਾਰ ਦੇਸ਼ ਭਰ ਵਿਚ ਇਨ੍ਹਾਂ ਲਾਇਸੈਂਸੀ ਅਮਲੀਆਂ ਦੀ ਗਿਣਤੀ ਇਸ ਵੇਲੇ ਕਰੀਬ ਪੰਜ ਸੌ ਰਹਿ ਗਈ ਹੈ। ਪੰਜਾਬ ਵਿਚ ਜਦੋਂ ਲਾਇਸੈਂਸ ਹੋਲਡਰਾਂ ਦੀ ਗਿਣਤੀ ਹਜ਼ਾਰਾਂ ਹੁੰਦੀ ਸੀ ਤਾਂ ਉਦੋਂ ਸਾਲਾਨਾ ਅਫ਼ੀਮ ਦਾ ਕੋਟਾ ਕੁਇੰਟਲਾਂ ਵਿਚ ਜਾਰੀ ਹੁੰਦਾ ਸੀ। ਸਰਕਾਰੀ ਅਫ਼ੀਮ ਲਾਇਸੈਂਸ ਹੋਲਡਰਾਂ ਨੂੰ ਸਸਤੇ ਭਾਅ 'ਤੇ ਹੀ ਦਿੱਤੀ ਜਾਂਦੀ ਹੈ।



### ਅ.ਫੀਮ ਦੇ ਕਾਰਡ ਬਣਾਵੇ ਸਰਕਾਰ-ਮਲੂਕਾ

ਸਾਬਕਾ ਅਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ ਦਾ ਕਹਿਣਾ ਹੈ ਕਿ ਜਿਸ ਤਰ੍ਹਾਂ ਸਿੰਥੈਟਿਕ ਨਸ਼ੇ ਜਾਨਾਂ ਲੈ ਰਹੇ ਹਨ, ਉਨ੍ਹਾਂ ਨੂੰ ਦੇਖਦੇ ਹੋਏ ਜੇ ਸਰਕਾਰ ਅਫ਼ੀਮ ਦੇ ਸਰਕਾਰੀ ਕਾਰਡ ਬਣਾਉਣੇ ਸ਼ੁਰੂ ਕਰ ਦੇਵੇ ਤਾਂ ਫ਼ੌਰੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਸਾਰੇ ਨਸ਼ੇ ਮਾੜੇ ਹਨ ਪਰ ਇਹ ਸਿੰਥੈਟਿਕ ਨਸ਼ੇ ਘਰਾਂ ਨੂੰ ਉਜਾੜ ਰਹੇ ਹਨ ਅਤੇ ਜਵਾਨੀ ਨੂੰ ਖਾ ਰਹੇ ਹਨ। ਅਫ਼ੀਮ ਤੇ ਭੁੱਕੀ ਦੇ ਹਮੇਸ਼ਾ ਪਾਜ਼ੇਟਿਵ ਨਤੀਜੇ ਮਿਲਦੇ ਰਹੇ ਹਨ। ਸ੍ਰੀ ਮਲੂਕਾ ਨੇ ਕਿਹਾ ਕਿ ਸਿੰਥੈਟਿਕ ਨਸ਼ਿਆਂ ਨੂੰ ਰੋਕਣ ਵਾਸਤੇ ਅਫ਼ੀਮ ਦਾ ਬਦਲ ਦਿੱਤਾ ਜਾ ਸਕਦਾ ਹੈ ਅਤੇ ਅਖੀਰ ਅਫ਼ੀਮ ਤੋਂ ਵੀ ਮੁਕਤੀ ਦਿਵਾਈ ਜਾ ਸਕਦੀ ਹੈ।

### ਲਾਇਸੈਂਸ ਬਣਨੇ ਕਦੋਂ ਬੰਦ ਹੋਏ..

ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਨੇ 30 ਜੂਨ 1959 ਨੂੰ ਅਫ਼ੀਮ ਖਾਣ ਵਾਲੇ ਲੋਕਾਂ ਦੇ ਲਾਇਸੈਂਸ ਬਣਾਉਣੇ ਸ਼ੁਰੂ ਕੀਤੇ ਸਨ ਅਤੇ ਨਾਰਕੋਟਿਕਸ ਕਮਿਸ਼ਨਰ (ਭਾਰਤ ਸਰਕਾਰ) ਗਵਾਲੀਅਰ ਨੇ 12 ਅਕਤੂਬਰ 1979 ਨੂੰ ਨਵੇਂ ਅਫ਼ੀਮ ਦੇ ਲਾਇਸੈਂਸਾਂ ਦੀ ਰਜਿਸਟ੍ਰੇਸ਼ਨ ਬੰਦ ਕਰ ਦਿੱਤੀ ਸੀ। ਪੁਰਾਣੇ ਸਮਿਆਂ ਵਿਚ ਤਾਂ ਪੰਜਾਬ ਦੇ ਕਈ ਵੱਡੇ ਤੇ ਨਾਮੀ ਲੀਡਰਾਂ ਦੇ ਵੀ ਲਾਇਸੈਂਸ ਬਣੇ ਹੋਏ ਸਨ, ਜਿਨ੍ਹਾਂ 'ਚੋਂ ਕਈ ਮੰਤਰੀ ਦੇ ਅਹੁਦੇ ਤੱਕ ਵੀ ਪੁੱਜੇ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਣਤੰਤਰ ਦਿਵਸ ਸਮਾਰੋਹ ਲਈ ਜੋਅ ਬਾਇਡੇਨ ਨੂੰ ਦਿੱਤਾ ਸੱਦਾ-ਅਮਰੀਕੀ ਰਾਜਦੂਤ ਨੇ ਪੁਸ਼ਟੀ ਕੀਤੀ

ਨਿਊਯਾਰਕ-ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੂੰ 26 ਜਨਵਰੀ ਨੂੰ ਹੋਣ ਵਾਲੇ ਗਣਤੰਤਰ ਦਿਵਸ ਸਮਾਰੋਹ ਲਈ ਸੱਦਾ ਦਿੱਤਾ ਗਿਆ ਹੈ। ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਦਾ ਕਹਿਣਾ ਹੈ ਕਿ ਜੀ-20 ਸਿਖਰ ਸੰਮੇਲਨ ਦੌਰਾਨ ਹੋਈ ਦੁਵੱਲੀ ਬੈਠਕ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਨੂੰ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਰੋਹ ਲਈ ਸੱਦਾ ਦਿੱਤਾ ਹੈ। 26 ਜਨਵਰੀ ਨੂੰ ਗਣਤੰਤਰ ਦਿਵਸ ਲਈ ਪ੍ਰਧਾਨ ਮੰਤਰੀ ਮੋਦੀ ਦੁਆਰਾ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੂੰ ਦਿੱਤਾ ਗਿਆ ਇਹ ਸੱਦਾ ਇਸ ਲਈ ਵੀ ਖਾਸ ਹੋਣ ਵਾਲਾ ਹੈ ਕਿਉਂਕਿ ਭਾਰਤ ਅਗਲੇ ਸਾਲ ਕਵਾਡ ਦੇ ਲੀਡਰਸ਼ਿਪ ਸੰਮੇਲਨ ਦੀ ਮੇਜ਼ਬਾਨੀ ਕਰਨ ਜਾ ਰਿਹਾ ਹੈ। ਗਣਤੰਤਰ ਦਿਵਸ ਸਮਾਰੋਹ ਦੇ ਮੁੱਖ ਮਹਿਮਾਨ ਦਾ ਫੈਸਲਾ ਰਣਨੀਤਕ, ਕੂਟਨੀਤਕ, ਵਪਾਰਕ ਅਤੇ ਅੰਤਰਰਾਸ਼ਟਰੀ ਭੂ-ਰਾਜਨੀਤੀ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ, ਇਸ ਲਈ ਇਸ ਨੂੰ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਤੋਂ ਪਹਿਲਾਂ, ਇੱਕ ਮੀਡੀਆ ਰਿਪੋਰਟ ਵਿੱਚ ਦਾਅਵਾ



ਕੀਤਾ ਗਿਆ ਸੀ ਕਿ ਭਾਰਤ 26 ਜਨਵਰੀ ਨੂੰ ਗਣਤੰਤਰ ਦਿਵਸ ਸਮਾਰੋਹ ਵਿੱਚ ਅਮਰੀਕੀ ਰਾਸ਼ਟਰਪਤੀ ਬਾਇਡੇਨ ਦੇ ਨਾਲ-ਨਾਲ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਅਤੇ ਜਾਪਾਨੀ ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਨੂੰ ਸੱਦਾ ਦੇ ਸਕਦਾ ਹੈ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਭਾਰਤ ਦੇ ਅਧਿਕਾਰੀ ਇਸ ਮਹੱਤਵਪੂਰਨ ਮੌਕੇ ਲਈ ਅਮਰੀਕੀ ਰਾਸ਼ਟਰਪਤੀ ਬਾਇਡੇਨ ਦੇ ਨਾਲ-ਨਾਲ ਅਲਬਾਨੀਜ਼ ਅਤੇ ਕਿਸ਼ਿਦਾ ਦੀ ਉਪਲਬਧਤਾ ਅਤੇ ਸਹਿਮਤੀ ਲਈ ਯਤਨ ਕਰ ਰਹੇ ਹਨ। ਆਮ ਤੌਰ 'ਤੇ ਸਬੰਧਤ ਮਹਿਮਾਨ ਦੀ ਗੈਰ ਰਸਮੀ ਸਹਿਮਤੀ ਤੋਂ ਬਾਅਦ ਹੀ ਸੱਦੇ ਭੇਜੇ ਜਾਂਦੇ ਹਨ। ਹਾਲਾਂਕਿ ਅਗਲੇ ਸਾਲ ਦੀ ਸ਼ੁਰੂਆਤ ਵਿਚ ਤਿੰਨੇ ਨੇਤਾਵਾਂ ਦਾ ਸ਼ਡਿਊਲ ਬੀਜ਼ੀ ਜਾ ਰਿਹਾ ਹੈ। ਜਿੱਥੇ ਬਾਇਡੇਨ ਅਮਰੀਕਾ ਵਿੱਚ 2024 ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਰੁੱਝੇ ਰਹਿਣਗੇ। ਜਨਵਰੀ ਵਿੱਚ ਉਹ ਸੰਭਾਵਤ ਤੌਰ 'ਤੇ ਆਪਣਾ ਆਖਰੀ ਸਟੇਟ ਆਫ ਦਿ ਯੂਨੀਅਨ ਸੰਬੋਧਨ ਕਰਨਗੇ। ਪਰ ਇਸ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਭਾਰਤ ਦੌਰੇ ਨੂੰ ਲੈ ਕੇ ਬਹੁਤ ਗੰਭੀਰ ਹੋਣਗੇ, ਕਿਉਂਕਿ ਭਾਰਤ ਅਤੇ ਅਮਰੀਕਾ ਦੇ ਰਿਸ਼ਤੇ ਇਤਿਹਾਸਕ ਸਿਖਰ 'ਤੇ ਹਨ। ਪ੍ਰਧਾਨ ਮੰਤਰੀ ਅਲਬਨੀਜ਼ ਦੀ ਗੱਲ ਕਰੀਏ ਤਾਂ ਆਸਟ੍ਰੇਲੀਆ ਵੀ 26 ਜਨਵਰੀ ਨੂੰ ਆਪਣਾ ਰਾਸ਼ਟਰੀ ਦਿਵਸ ਮਨਾਉਂਦਾ ਹੈ। ਅਜਿਹੀ ਸਥਿਤੀ ਵਿੱਚ ਅਲਬਾਨੀਜ਼ ਦਾ ਇਸ ਨਾਲ ਬੀਜ਼ੀ ਹੋਣਾ ਸੁਭਾਵਿਕ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com


KULDIP S PANESAR
Senior Mortgage Advisor
Cell: 604-308-6839

# ਪੰਜਾਬੀ ਰੈਪਰ ਸ਼ੁਭ ਦਾ ਭਾਰਤ ਦੌਰਾ ਰੱਦ



ਟੋਰਾਂਟੋ-ਬੁੱਕਮਾਈਸ਼ੋਅ ਨੇ ਪੰਜਾਬੀ-ਕੈਨੇਡੀਅਨ ਗਾਇਕ ਸ਼ੁਭਨੀਤ ਸਿੰਘ ਦਾ ਭਾਰਤ ਦੌਰਾ ਉਸ ਸਮੇਂ ਰੱਦ ਕਰ ਦਿੱਤਾ ਜਦੋਂ ਸੋਸ਼ਲ ਮੀਡੀਆ 'ਤੇ ਟਿਕਟ ਬੁਕਿੰਗ ਐਪ ਨੂੰ ਬਾਈਕਾਟ ਦੀ ਧਮਕੀ ਮਿਲਣੀ ਸ਼ੁਰੂ ਹੋ ਗਈ। ਸ਼ੁਭ 'ਤੇ ਖਾਲਿਸਤਾਨੀਆਂ ਦਾ ਪੱਖ ਪੂਰਨ ਦੇ ਦੋਸ਼ ਲਾਏ ਗਏ ਹਨ। ਬੁੱਕਮਾਈਸ਼ੋਅ ਨੇ 'ਐਕਸ' 'ਤੇ ਕਿਹਾ ਕਿ ਉਹ 7 ਤੋਂ 10 ਦਿਨਾਂ ਦੇ ਅੰਦਰ ਵਿਕੀਆਂ ਹੋਈਆਂ ਟਿਕਟਾਂ ਦੇ ਪੈਸੇ ਮੋੜ ਦੇਣਗੇ। ਉਨ੍ਹਾਂ ਕਿਹਾ,"ਗਾਇਕ ਸ਼ੁਭਨੀਤ ਸਿੰਘ ਦਾ ਭਾਰਤ ਦੌਰਾ ਸਟਿਲ ਰੌਲਿਨ ਰੱਦ ਕੀਤਾ ਜਾਂਦਾ ਹੈ। ਬੁੱਕਮਾਈਸ਼ੋਅ ਨੇ ਸ਼ੋਅ ਲਈ ਖ਼ਰੀਦੀਆਂ ਟਿਕਟਾਂ ਦੇ ਸਾਰੇ ਪੈਸੇ ਮੋੜਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਲੋਕਾਂ ਦੇ ਪੈਸੇ ਉਨ੍ਹਾਂ ਦੇ ਖ਼ਾਤਿਆਂ 'ਚ 7 ਤੋਂ 10 ਦਿਨਾਂ ਦੇ ਅੰਦਰ ਮੋੜ ਦਿੱਤੇ ਜਾਣਗੇ। ਪੰਜਾਬੀ ਗਾਇਕ ਦਾ ਦੌਰਾ ਉਸ ਸਮੇਂ ਰੱਦ ਹੋਇਆ ਹੈ ਜਦੋਂ ਭਾਰਤ ਅਤੇ ਕੈਨੇਡਾ ਵਿਚਕਾਰ ਪਹਿਲਾਂ ਤੋਂ ਹੀ ਤਣਾਅ ਵਧਿਆ ਹੋਇਆ ਹੈ। ਪੰਜਾਬੀ ਰੈਪਰ ਸ਼ੁਭ ਇੰਸਟਾਗ੍ਰਾਮ 'ਤੇ 'ਸਟਿਲ ਰੌਲਿਨ' ਗੀਤ ਦੀਆਂ ਰੀਲਾਂ ਵੱਡੀ ਗਿਣਤੀ 'ਚ ਬਣਨ ਮਗਰੋਂ ਮਸ਼ਹੂਰ ਹੋਇਆ ਸੀ। ਉਸ ਦਾ ਪਹਿਲਾ ਗੀਤ 'ਵੀ ਰੌਲਿਨ' 2021 'ਚ ਰਿਲੀਜ਼ ਹੋਇਆ ਸੀ ਅਤੇ ਇਸ ਨੂੰ ਯੂਟਿਊਬ 'ਤੇ 20 ਕਰੋੜ ਤੋਂ ਜ਼ਿਆਦਾ ਵਾਰ ਦੇਖਿਆ ਜਾ ਚੁੱਕਿਆ ਹੈ। ਉਸ ਦੀ ਪਹਿਲੀ ਐਲਬਮ 'ਸਟਿਲ ਰੌਲਿਨ' ਹਾਲ 'ਚ ਰਿਲੀਜ਼ ਹੋਈ ਸੀ ਅਤੇ ਉਸ ਨੇ ਭਾਰਤ ਦੇ 10 ਵੱਖੋ ਵੱਖਰੇ ਸ਼ਹਿਰਾਂ 'ਚ ਟੂਰ ਦਾ ਐਲਾਨ ਕੀਤਾ ਸੀ। ਜ਼ਿਕਰਯੋਗ ਹੈ ਕਿ ਸ਼ੁਭ ਨੇ 23 ਤੋਂ 25 ਸਤੰਬਰ ਤੱਕ ਮੁੰਬਈ 'ਚ ਸ਼ੋਅ ਕਰਨੇ ਸਨ। ਉਥੇ ਵੀ ਉਸ ਖ਼ਿਲਾਫ਼ ਪ੍ਰਦਰਸ਼ਨ ਹੋ ਰਹੇ ਹਨ। ਭਾਜਪਾ ਦੇ ਯੁਵਾ ਮੋਰਚੇ ਨੇ ਸ਼ੁਭ 'ਤੇ ਵੱਖਵਾਦੀ ਅਨਸਰਾਂ ਦੀ ਹਮਾਇਤ ਕਰਨ ਦੇ ਦੋਸ਼ ਲਾਉਂਦਿਆਂ ਉਸ ਦੇ ਪੋਟਰ ਫਾੜ ਦਿੱਤੇ ਸਨ।

## ਸਿੱਖ ਕਤਲੇਆਮ ਦੇ ਇਕ ਕੇਸ 'ਚੋਂ ਸੱਜਣ ਕੁਮਾਰ ਬਰੀ



ਨਵੀਂ ਦਿੱਲੀ (ਦਿਓਲ)-ਦਿੱਲੀ ਦੀ ਅਦਾਲਤ ਨੇ ਕਾਂਗਰਸ ਦੇ ਸਾਬਕਾ ਐਮ ਪੀ ਸੱਜਣ ਕੁਮਾਰ ਨੂੰ 1984 ਵਿੱਚ ਹੋਏ ਸਿੱਖ ਵਿਰੋਧੀ ਦੰਗਿਆਂ ਦੌਰਾਨ ਇੱਕ ਵਿਅਕਤੀ ਦੀ ਹੱਤਿਆ ਨਾਲ ਸਬੰਧਤ ਮਾਮਲੇ ਵਿੱਚ 'ਸ਼ੱਕ ਦਾ ਲਾਭ' ਦਿੰਦਿਆਂ ਬਰੀ ਕਰ ਦਿੱਤਾ। ਵਿਸ਼ੇਸ਼ ਜੱਜ ਗੀਤਾਂਜਲੀ ਗੋਇਲ ਨੇ ਦੋ ਹੋਰ ਮੁਲਜ਼ਮਾਂ ਵੇਦ ਪ੍ਰਕਾਸ਼ ਪਿਆਲ ਅਤੇ ਬ੍ਰਹਮਾਨੰਦ ਗੁਪਤਾ ਨੂੰ ਵੀ ਇਹ ਕਹਿੰਦਿਆਂ ਬਰੀ ਕਰ ਦਿੱਤਾ ਕਿ ਇਸਤਗਾਸਾ ਪੱਖ ਉਨ੍ਹਾਂ ਖ਼ਿਲਾਫ਼ ਹੱਤਿਆ ਦੇ ਦੰਗਿਆਂ ਦੇ ਦੋਸ਼ ਸਾਬਤ ਕਰਨ ਵਿੱਚ ਨਾਕਾਮ ਰਿਹਾ ਹੈ। ਸੁਲਤਾਨਪੁਰੀ ਵਿੱਚ ਵਾਪਰੀ ਇਸ ਘਟਨਾ ਦੌਰਾਨ ਸਿੱਖ ਸੁਰਜੀਤ ਸਿੰਘ ਦੀ ਮੌਤ ਹੋ ਗਈ ਸੀ। ਜੱਜ ਨੇ ਕਿਹਾ, "ਮੁਲਜ਼ਮ ਸੱਜਣ ਕੁਮਾਰ ਨੂੰ ਸ਼ੱਕ ਦਾ ਲਾਭ ਦਿੰਦਿਆਂ ਬਰੀ ਕੀਤਾ ਜਾਂਦਾ ਹੈ।" ਸੱਜਣ ਕੁਮਾਰ ਖ਼ਿਲਾਫ਼ ਆਈਪੀਸੀ ਦੀਆਂ ਧਾਰਾਵਾਂ 153ਏ, 109, 302 ਅਤੇ 147 ਤਹਿਤ ਕੇਸ ਦਰਜ ਕੀਤਾ ਗਿਆ ਸੀ। ਦੰਗਿਆਂ ਨਾਲ ਜੁੜੇ ਇੱਕ ਹੋਰ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਮਗਰੋਂ ਸੱਜਣ ਕੁਮਾਰ ਇਸ ਸਮੇਂ ਤਿਹਾੜ ਜੇਲ੍ਹ ਵਿੱਚ ਬੰਦ ਹੈ।

# ਭਾਰਤ ਵਲੋਂ ਕੈਨੇਡੀਅਨ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਅਣਮਿਥੇ ਸਮੇਂ ਲਈ ਮੁਲਤਵੀ

ਸਫ਼ਾ 1 ਦੀ ਬਾਕੀ

ਸਾਲ 2021 ਵਿੱਚ, 80,000 ਕੈਨੇਡੀਅਨ ਸੈਲਾਨੀਆਂ ਨੇ ਭਾਰਤ ਦਾ ਦੌਰਾ ਕੀਤਾ, ਜਿਸ ਨਾਲ ਉਹ ਚੌਥਾ ਸਭ ਤੋਂ ਵੱਡਾ ਮੁਲਕ ਹੈ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕੈਨੇਡੀਅਨਾਂ ਲਈ ਸਾਰੀਆਂ ਵੀਜ਼ਾ ਸੇਵਾਵਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰਨ ਦੀ ਪੁਸ਼ਟੀ ਕੀਤੀ ਹੈ, ਜਿਸ ਵਿੱਚ ਈ-ਵੀਜ਼ਾ ਸੇਵਾਵਾਂ ਵੀ ਸ਼ਾਮਲ ਹਨ। ਉਹਨਾਂ ਕਿਹਾ ਹੈ ਕਿ ਕੈਨੇਡਾ ਵਿੱਚ ਸਾਡੇ ਹਾਈ ਕਮਿਸ਼ਨ ਅਤੇ ਕੌਂਸਲੇਟਾਂ ਦੁਆਰਾ ਦਰਪੇਸ਼ ਸੁਰੱਖਿਆ ਖਤਰਿਆਂ ਨੇ ਆਮ ਕੰਮਕਾਜ ਵਿੱਚ ਵਿਘਨ ਪਾਇਆ ਹੈ। ਇਸ ਅਨੁਸਾਰ, ਉਹ ਅਸਥਾਈ ਤੌਰ 'ਤੇ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਕਰਨ ਵਿੱਚ ਅਸਮਰੱਥ ਹਨ। ਉਧਰ ਨਵੀਂ ਦਿੱਲੀ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਨੇ ਵੀਰਵਾਰ ਨੂੰ ਕਿਹਾ ਕਿ ਭਾਰਤ ਵਿੱਚ ਉਸਦੇ ਸਾਰੇ ਦੂਤਘਰ ਖੁੱਲੇ ਹਨ ਅਤੇ ਗਾਹਕਾਂ ਦੀ ਸੇਵਾ ਵਿਚ ਹਾਜ਼ਰ ਹਨ। ਇਸ ਦੌਰਾਨ ਉਹਨਾਂ ਦੇ ਕੁਝ ਡਿਪਲੋਮੈਟਾਂ ਨੂੰ ਸੋਸ਼ਲ ਮੀਡੀਆ 'ਤੇ ਧਮਕੀਆਂ ਮਿਲੀਆਂ ਹਨ, ਜਿਸ ਕਾਰਣ ਕੈਨੇਡਾ ਭਾਰਤ ਵਿੱਚ ਆਪਣੇ ਸਟਾਫ ਦਾ ਮੁਲਾਂਕਣ ਕਰ ਰਿਹਾ ਹੈ। ਕੈਨੇਡਾ ਉਮੀਦ ਕਰਦਾ ਹੈ ਕਿ ਭਾਰਤ ਉਥੇ ਕੰਮ ਕਰ ਰਹੇ ਡਿਪਲੋਮੈਟਾਂ ਅਤੇ ਕੌਂਸਲਰ ਅਫਸਰਾਂ ਨੂੰ ਸੁਰੱਖਿਆ ਪ੍ਰਦਾਨ ਕਰੇਗਾ।



# ਕੈਨੇਡਾ ਦੀਆਂ ਸਿੱਖ ਗੁਰਦੁਆਰਾ ਸੁਸਾਇਟੀਆਂ ਤੇ ਸੰਸਥਾਵਾਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਧੰਨਵਾਦ

ਸਰੀ (ਡਾ. ਗੁਰਵਿੰਦਰ ਸਿੰਘ)-ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਦੇ ਮੁੱਖ ਸੇਵਾਦਾਰ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿੱਚ ਕੈਨੇਡਾ ਦੀਆਂ ਵੱਖ-ਵੱਖ ਸਿੱਖ ਜੱਥੇਬੰਦੀਆਂ ਅਤੇ ਗੁਰਦੁਆਰਾ ਸੁਸਾਇਟੀਆਂ ਵੱਲੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਇਸ ਮਾਮਲੇ ਦੀ ਮੁਕੰਮਲ ਜਾਂਚ ਹੋਵੇ ਅਤੇ ਇਸ ਵਿੱਚ ਭਾਰਤ ਦੀ ਦਖਲਅੰਦਾਜ਼ੀ ਬਾਰੇ ਕੈਨੇਡਾ ਸਖ਼ਤ ਸਟੈਂਡ ਲਵੇ। ਇਸ ਸੰਬੰਧ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਨਯੋਗ ਜਸਟਿਨ ਟਰੂਡੋ ਵੱਲੋਂ ਕੈਨੇਡਾ ਦੀ ਪਾਰਲੀਮੈਂਟ ਦੇ ਵਿੱਚ ਭਾਈ ਸਾਹਿਬ ਦੇ ਕਤਲ ਦੇ ਪਿੱਛੇ ਭਾਰਤੀ ਏਜੰਸੀਆਂ ਦੇ ਹੱਥ ਹੋਣ ਦੇ ਬਿਆਨ ਦਾ ਵੱਖ-ਵੱਖ ਸਿੱਖ ਸੰਸਥਾਵਾਂ ਨੇ ਪੁਰਜ਼ੋਰ ਸ਼ਬਦਾਂ ਵਿੱਚ ਸਵਾਗਤ ਕੀਤਾ ਹੈ। ਪ੍ਰਧਾਨ ਮੰਤਰੀ ਦਾ ਧੰਨਵਾਦ ਕਰਨ ਵਾਲੀਆਂ ਸਿੱਖ ਸੰਸਥਾਵਾਂ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ,ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸੁਖ ਸਾਗਰੁ ਸਾਹਿਬ ਨਿਊ ਵੈਸਟਮਿਨਿਸਟਰ, ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸਰੀ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੁਸਾਇਟੀ ਐਬਟਸਫੋਰਡ, ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਸਾਹਿਬ ਐਬੋਟਸਫੋਰਡ, ਗੁਰਦੁਆਰਾ ਗੁਰ ਸਾਗਰ ਮਸਤੂਆਣਾ ਸਾਹਿਬ ਸਰੀ ਕੈਨੇਡਾ, ਸਿੱਖ ਸੁਸਾਇਟੀ ਓਟਵਾ ਅਤੇ ਸਥਾਨਕ ਜਥੇਬੰਦੀਆਂ ਸ਼ਾਮਲ ਹਨ। ਇਸ ਤੋਂ ਇਲਾਵਾ ਕੈਨੇਡਾ ਵਸਦੇ ਸਿੱਖਾਂ ਨੇ ਪ੍ਰਧਾਨ ਮੰਤਰੀ ਦਾ ਧੰਨਵਾਦ ਵੀ ਕੀਤਾ ਹੈ, ਜਿਨ੍ਹਾਂ ਨੇ ਸਪਸ਼ਟ ਰੂਪ ਵਿੱਚ ਆਪਣੀ ਗੱਲ ਕਰਦਿਆਂ ਹੋਇਆਂ ਭਾਈ ਸਾਹਿਬ ਦੇ ਕਤਲ ਮਾਮਲੇ ਵਿੱਚ ਭਾਰਤ ਦੀ ਦਖਲਅੰਦਾਜ਼ੀ ਬਾਰੇ ਦੁਨੀਆ ਸਾਹਮਣੇ ਸੱਚ ਲਿਆਂਦਾ ਹੈ। ਇਸ ਦੌਰਾਨ ਬੀ ਸੀ ਸਿੱਖ ਗੁਰਦੁਆਰਾ ਕੌਂਸਲ ਵਲੋਂ ਵੱਖਰੇ ਪੱਧਰ ਤੇ ਇੱਕ ਬਿਆਨ ਜਾਰੀ ਕੀਤਾ ਗਿਆ ਹੈ। ਕੈਨੇਡਾ ਦੀਆਂ ਸਿੱਖ ਸੰਸਥਾਵਾਂ ਦਾ ਕਹਿਣਾ ਹੈ ਕਿ ਇਹ ਦੇਰ ਨਾਲ ਚੁੱਕਿਆ ਗਿਆ ਸਹੀ ਕਦਮ ਹੈ ਅਤੇ ਆਸ ਕਰਦੇ ਹਾਂ ਕਿ ਇਸ ਮਾਮਲੇ ਦੀ ਮੁਕੰਮਲ ਜਾਂਚ ਹੋਵੇਗੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ, ਤਾਂ ਕਿ ਕਦੇ ਵੀ ਅਜਿਹੀ ਦੁਖਾਂਕਤ ਘਟਨਾ ਨਾ ਵਾਪਰੀ। ਗੁਰਦੁਆਰਾ ਸੁਸਾਇਟੀਆਂ ਅਤੇ ਸਿੱਖ ਜਥੇਬੰਦੀਆਂ ਨੇ ਇਹ ਵੀ ਕਿਹਾ ਹੈ ਕਿ ਜਿਨ੍ਹਾਂ ਹੋਰਨਾਂ ਸਿੱਖ ਆਗੂਆਂ ਨੂੰ ਅਜਿਹੀਆਂ ਧਮਕੀਆਂ ਮਿਲੀਆਂ ਹਨ, ਕੈਨੇਡਾ ਸਰਕਾਰ ਉਹਨਾਂ ਦੀ ਸੁਰੱਖਿਆ ਯਕੀਨੀ ਬਣਾਵੇ ਅਤੇ ਇਸ ਮਾਮਲੇ ਵਿੱਚ ਭਾਰਤੀ ਦਖਲ ਅੰਦਾਜ਼ੀ ਅਤੇ ਜਸੂਸੀ ਕਰਨ ਵਾਲੇ ਭਾਰਤੀ ਖੁਫੀਆ ਏਜੰਸੀਆਂ ਦੇ ਏਜੰਟਾਂ ਨੂੰ ਗ੍ਰਿਫ਼ਤਾਰ ਕਰੇ, ਤਾਂ ਕਿ ਕਿਸੇ ਬੇਗੁਨਾਹ ਦੀ ਜਾਨ ਨਾ ਜਾਵੇ।








# ਵਿਦਿਆਰਥੀ ਆਗੂ ਤੋਂ ਗੈਂਗਸਟਰ ਬਣਿਆ ਸੁੱਖਾ ਦੁੱਨੇਕੇ

## ਕੈਨੇਡਾ ’ਚ ਹੱਤਿਆ ਮਗਰੋਂ ਪਿੰਡ ’ਚ ਗ਼ਮਗੀਨ ਮਾਹੌਲ; ਅਤਿਵਾਦੀਆਂ ਨੇ ਕੀਤੀ ਸੀ ਸੁੱਖਾ ਦੇ ਪਿਤਾ ਦੀ ਹੱਤਿਆ



ਮੋਗਾ-ਖਾਲਿਸਤਾਨ ਟਾਈਗਰ ਫੋਰਸ (ਕੇਟੀਐੱਫ) ਮੁਖੀ ਹਰਦੀਪ ਨਿੱਝਰ ਦੇ ਕੈਨੇਡਾ ਵਿੱਚ ਹੋਏ ਕਤਲ ਸਬੰਧੀ ਭਾਰਤ - ਕੈਨੇਡਾ ਵਿਚਾਲੇ ਬਣੇ ਤਣਾਅ ਦਰਮਿਆਨ ਭਗੌੜੇ ‘ਏ’ ਸ਼੍ਰੇਣੀ ਗੈਂਗਸਟਰ ਸੁਖਦੂਲ ਸਿੰਘ ਗਿੱਲ ਉਰਫ ਸੁੱਖਾ ਦੁੱਨੇਕੇ ਦੀ ਕੈਨੇਡਾ ਵਿੱਚ ਹੱਤਿਆ ਦੀ ਖ਼ਬਰ ਮਗਰੋਂ ਪਿੰਡ ਦੁੱਨੇਕੇ ਵਿਚ ਗ਼ਮਗੀਨ ਮਾਹੌਲ ਹੈ। ਕਬੱਡੀ ਖਿਡਾਰੀ ਨੰਗਲ ਅੰਬੀਆਂ ਕਤਲ ਵਿੱਚ ਵੀ ਸੁੱਖਾ ਦੁੱਨੇਕੇ ਦਾ ਨਾਂ ਆਇਆ ਸੀ। ਉਹ ਕੇਂਦਰੀ ਜਾਂਚ ਏਜੰਸੀ (ਐੱਨਆਈਏ) ਵੱਲੋਂ ਜਾਰੀ 43 ਅਤਿਵਾਦੀਆਂ ਅਤੇ ਗੈਂਗਸਟਰਾਂ ਦੀ ਸੂਚੀ ਵਿੱਚ ਸ਼ਾਮਲ ਸੀ। ਸੋਸ਼ਲ ਮੀਡੀਆ ‘ਤੇ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਹੱਤਿਆ ਦੀ ਜ਼ਿੰਮੇਵਾਰੀ ਦੀ ਪੋਸਟ ਵਾਇਰਲ ਹੋ ਰਹੀ ਹੈ। ਸੁੱਖਾ ਦੁੱਨੇਕੇ ਕਰੀਬ 4 ਸਾਲ ਦਾ ਸੀ ਜਦੋਂ ਉਸ ਦੇ ਪਿਤਾ ਗੁਰਨੈਬ ਸਿੰਘ ਉਰਫ਼ ਨੈਬ ਸਿੰਘ ਦੀ ਸਾਲ 1988 ਵਿਚ ਅਤਿਵਾਦੀਆਂ ਨੇ ਹੱਤਿਆ ਕਰ ਦਿੱਤੀ ਸੀ। ਪਰਿਵਾਰ ਮੂਲ ਰੂਪ ਵਿੱਚ ਜ਼ਿਲ੍ਹਾ ਬਠਿੰਡਾ ਦੇ ਕਸਬਾ ਨਥਾਣਾ ਨੇੜਲੇ ਪਿੰਡ ਗੰਗਾ ਦਾ ਰਹਿਣ ਵਾਲਾ ਸੀ। ਮਗਰੋਂ ਇਥੇ ਆ ਕੇ ਵਸ ਗਿਆ। ਸੁੱਖਾ ਨੂੰ ਅਤਿਵਾਦ ਪੀੜਤ ਪਰਿਵਾਰਾਂ ਨੂੰ ਮਿਲਦੀਆਂ ਸਹੂਲਤਾਂ ਕਾਰਨ ਤਰਸ ਦੇ ਆਧਾਰ ‘ਤੇ ਸਥਾਨਕ ਡੀਸੀ ਦਫ਼ਤਰ ਵਿੱਚ ਸੇਵਾਦਾਰ ਦੀ ਨੌਕਰੀ ਮਿਲੀ। ਡੀਸੀ ਦਫ਼ਤਰ ਦੇ ਮੁਲਾਜ਼ਮਾਂ ਮੁਤਾਬਕ ਉਹ ਬੇਹੱਦ ਸ਼ਰੀਫ਼ ਤੇ ਸਾਊ ਸੁਭਾਅ ਵਾਲਾ ਸੀ। ਵਿਭਾਗ ਨੇ ਗ਼ੈਰਹਾਜ਼ਰ ਰਹਿਣ ‘ਤੇ ਉਸ ਨੂੰ ਡੇਢ ਸਾਲ ਮਗਰੋਂ ਹੀ ਬਰਖ਼ਾਸਤ ਕਰ ਦਿੱਤਾ। ਦਰਅਸਲ ਆਪਣਾ ਭਵਿੱਖ ਉਸ ਨੇ ਵਿਦਿਆਰਥੀ ਜਥੇਬੰਦੀ ਆਗੂ ਵਜੋਂ ਸ਼ੁਰੂ ਕੀਤਾ ਅਤੇ ਲੜਾਈ ਝਗੜੇ ਦੇ ਕੇਸ ਦਰਜ ਹੋਏ ਤਾਂ ਫ਼ਰੀਦਕੋਟ ਜੇਲ੍ਹ ਵਿਚ ਰਿਹਾ। ਮਗਰੋਂ ਉਹ ਜਾਅਲੀ ਪਾਸਪੋਰਟ ਬਣਾ ਕੇ ਵਿਦੇਸ਼ ਪੁੱਜ ਗਿਆ। ਉਸ ਦੀ ਭੈਣ ਤੇ ਮਾਂ ਪਹਿਲਾਂ ਹੀ ਕੈਨੇਡਾ ਵਿਚ ਹਨ। ਉਹ ਕੈਨੇਡਾ ਜਾਣ ਸਮੇਂ 35 ਸਾਲ ਦਾ ਸੀ ਅਤੇ ਅਣਵਿਆਹਿਆ ਸੀ। ਵੀਰਵਾਰ ਨੂੰ ਗੈਂਗਸਟਰ ਸੁੱਖਾ ਦੁੱਨੇਕੇ ਦੀ ਮੌਤ ਤੋਂ ਬਾਅਦ ਪਿੰਡ ਵਾਸੀ ਅਤੇ ਸਾਂਝੇ ਪਰਿਵਾਰ ਵਿੱਚੋਂ ਉਸ ਦੇ ਤਾਏ ਅਤੇ ਹੋਰ ਮੈਂਬਰਾਂ ਨੇ ਚੁੱਪ ਵੱਟੀ ਹੋਈ ਹੈ। ਪਿੰਡ ਦੀਆਂ ਔਰਤਾਂ ਤੇ ਲੋਕ ਉਨ੍ਹਾਂ ਦੇ ਘਰ ਅਫ਼ਸੋਸ ਕਰਨ ਆ ਜਾ ਰਹੇ ਸਨ।

# ਗੈਂਗਸਟਰ ਸੁੱਖਾ ਦੁੱਨੇਕੇ ਦੀ ਕੈਨੇਡਾ ’ਚ ਹੱਤਿਆ

ਸਫ਼ਾ 3 ਦੀ ਬਾਕੀ

ਗੈਂਗਸਟਰ ਲੱਕੀ ਪਟਿਆਲ, ਮਲੇਸ਼ੀਆ ਆਧਾਰਿਤ ਗੈਂਗਸਟਰ ਜੈਕਪਾਲ ਸਿੰਘ ਉਰਫ਼ ਲਾਲੀ ਤੇ ਹੋਰਨਾਂ ਅਪਰਾਧੀਆਂ ਨਾਲ ਨੇੜਿਓਂ ਜੁੜਿਆ ਹੋਇਆ ਸੀ। ਦੁੱਨੇਕੇ ਵਿਦੇਸ਼ੀ ਸਰਜ਼ਮੀਨ ‘ਤੇ ਬੈਠਾ ਗਰੋਹ ਦੀਆਂ ਸਰਗਰਮੀਆਂ ਚਲਾ ਰਿਹਾ ਸੀ। ਸਥਾਨਕ ਸੰਪਰਕਾਂ ਜ਼ਰੀਏ ਪੰਜਾਬ ਤੇ ਗੁਆਂਢੀ ਇਲਾਕਿਆਂ ਵਿੱਚ ਫਿਰੌਤੀ, ਦੂਜੇ ਰਵਾਇਤੀ ਗਰੋਹਾਂ ਦੇ ਮੈਂਬਰਾਂ ਦੀ ਹੱਤਿਆ ਤੇ ਵਿਦੇਸ਼ ਵਿਚਲੇ ਆਪਣੇ ਸਾਥੀਆਂ ਦੇ ਨੈੱਟਵਰਕ ਨੂੰ ਮੈਨੇਜ ਕਰਨ ਵਿਚ ਉਸ ਦੀ ਸ਼ਮੂਲੀਅਤ ਸੀ। ਪਿਛਲੇ ਕੁਝ ਮਹੀਨਿਆਂ ਵਿੱਚ ਦੁੱਨੇਕੇ ਵੱਲੋਂ ਪੰਜਾਬ ਤੇ ਨੇੜਲੇ ਇਲਾਕਿਆਂ ਵਿੱਚ ਫਿਰੌਤੀ ਲਈ ਕੀਤੀਆਂ ਜਾਂਦੀਆਂ ਫੋਨ ਕਾਲਾਂ ਵਧ ਗਈਆਂ ਸਨ। ਇਸ ਸਾਲ ਜਨਵਰੀ ਵਿੱਚ ਦੁੱਨੇਕੇ ਦੇ ਦੋ ਸਾਥੀਆਂ- ਕੁਲਵਿੰਦਰ ਸਿੰਘ ਉਰਫ਼ ਕਿੰਦਾ ਤੇ ਪਰਮਜੀਤ ਸਿੰਘ ਪੰਮਾ ਨੂੰ ਬਠਿੰਡਾ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਤਿੰਨ ਪਿਸਤੌਲਾਂ ਤੇ ਕਾਰਤੂਸਾਂ ਸਣੇ ਗ੍ਰਿਫ਼ਤਾਰ ਕੀਤਾ ਸੀ। ਇਹ ਦੋਵੇਂ ਦੁੱਨੇਕੇ ਵੱਲੋਂ ਚਲਾਏ ਜਾਂਦੇ ਫਿਰੌਤੀ ਰੈਕੇਟ ਦਾ ਹਿੱਸਾ ਸਨ। ਦੁੱਨੇਕੇ ਨੂੰ ਸਾਲ 1990 ਵਿੱਚ ਆਪਣੇ ਪਿਤਾ ਦੀ ਮੌਤ ਮਗਰੋਂ ਮੋਗਾ ਦੇ ਡਿਪਟੀ ਕਮਿਸ਼ਨਰ ਦਫ਼ਤਰ ਵਿਚ ਤਰਸ ਦੇ ਆਧਾਰ ‘ਤੇ ਚਪੜਾਸੀ ਦੀ ਨੌਕਰੀ ਮਿਲੀ ਸੀ। ਸੂਤਰਾਂ ਮੁਤਾਬਕ ਦੁੱਨੇਕੇ ਨੇ ਅੱਠ ਸਾਲ ਇਹ ਨੌਕਰੀ ਕੀਤੀ ਤੇ ਇਸ ਦੌਰਾਨ ਉਸ ਨੂੰ ਨਸ਼ੇ ਦੀ ਆਦਤ ਲੱਗ ਗਈ। ਦੁੱਨੇਕੇ ਖਿਲਾਫ਼ 2022 ਵਿੱਚ ਲੁਕਆਊਟ ਸਰਕੁਲਰ ਜਾਰੀ ਕੀਤਾ ਗਿਆ ਸੀ। ਪਿਛਲੇ ਸਾਲ ਨਕੋਦਰ ਨੇੜੇ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੀ ਹੱਤਿਆ ਮਾਮਲੇ ਵਿੱਚ ਵੀ ਦੁੱਨੇਕੇ ਦਾ ਨਾਂ ਸਾਹਮਣੇ ਆਇਆ ਸੀ। ਗੈਂਗਸਟਰ ‘ਤੇ ਹੱਤਿਆ ਲਈ ਸ਼ੂਟਰਾਂ ਦਾ ਪ੍ਰਬੰਧ ਕਰਨ ਦਾ ਦੋਸ਼ ਸੀ। ਜਨਵਰੀ 2022 ਵਿੱਚ ਬੰਬੀਹਾ ਗੈਂਗ ਦੇ ਸ਼ੂਟਰਾਂ ਵੱਲੋਂ ਦੂਜੇ ਗਰੋਹ ਦੇ ਦੋ ਮੈਂਬਰਾਂ- ਮਨਪ੍ਰੀਤ ਸਿੰਘ ਤੇ ਵਿੱਕੀ ਸਿੰਘ ਦੀ ਹੱਤਿਆ ਵਿੱਚ ਵੀ ਦੁੱਨੇਕੇ ਦਾ ਨਾਮ ਬੋਲਿਆ ਸੀ।

# ਮਹਿਲਾ ਰਾਖਵਾਂਕਰਨ ਬਿੱਲ ’ਤੇ ਸੰਸਦ ਦੀ ਮੋਹਰ ਬਿੱਲ ਦੇ ਹੱਕ ’ਚ 215 ਤੇ ਵਿਰੋਧ ’ਚ ਕੋਈ ਵੋਟ ਨਹੀਂ

ਸਫ਼ਾ 3 ਦੀ ਬਾਕੀ

ਆਉਂਦੀ ਹੈ ਕਿਉਂਕਿ ਸਰਕਾਰ ਸਾਢੇ 9 ਸਾਲ ਬਾਅਦ ਬਿੱਲ ਲਿਆਈ ਹੈ। ਡੀਐੱਮਕੇ ਦੇ ਆਰ ਗਿਰੀਰਾਜਨ ਨੇ ਕਿਹਾ ਕਿ ਇਹ ਪਤਾ ਨਹੀਂ ਕਿ ਜਨਗਣਨਾ ਕਦੋਂ ਹੋਵੇਗੀ ਅਤੇ ਪੁਨਰ ਹੱਦਬੰਦੀ ਦੀਆਂ ਵੀ ਆਪਣੀਆਂ ਮੁਸ਼ਕਲਾਂ ਹਨ, ਅਜਿਹੇ ‘ਚ ਮਹਿਲਾ ਰਾਖਵਾਂਕਰਨ ਕਾਨੂੰਨ ਲਾਗੂ ਹੋਣ ‘ਚ ਕਿੰਨਾ ਸਮਾਂ ਲੱਗੇਗਾ। ਸੀਪੀਆਈ ਦੇ ਬਿਨੋਏ ਵਿਸ਼ਵਮ ਨੇ ਕਿਹਾ ਕਿ ਜਨਗਣਨਾ ਅਤੇ ਪੁਨਰ ਹੱਦਬੰਦੀ ਦੇ ਨਾਮ ‘ਤੇ ਇਸ ‘ਚ ਦੇਰੀ ਕਰਨਾ ਠੀਕ ਨਹੀਂ ਹੋਵੇਗਾ ਅਤੇ ਅਜਿਹੀ ਵਿਵਸਥਾ ਹੋਵੇ ਜਿਸ ਨਾਲ ਕਾਨੂੰਨ 2024 ‘ਚ ਹੀ ਲਾਗੂ ਕੀਤਾ ਜਾ ਸਕੇ। ਤ੍ਰਿਣਮੂਲ ਕਾਂਗਰਸ ਦੇ ਮੈਂਬਰ ਡੈਰੇਕ ਓ‘ਬ੍ਰਾਇਨ ਨੇ ਕਿਹਾ ਕਿ ਸਰਕਾਰ ਤੋਂ ਸਹਿਯੋਗ ਦੀ ਤਵੱਕੋ ਕੀਤੀ ਜਾਂਦੀ ਹੈ ਨਾ ਕਿ ਭੇਤ ਬਣਾਈ ਰੱਖਣ, ਹੈਰਾਨ ਕਰਨ ਅਤੇ ਚੋਰੀ-ਛਿਪੇ ਕਮਾਂਡੋ ਵਰਗੇ ਅਪਰੇਸ਼ਨ ਕਰਨ ਦੀ ਲੋੜ ਹੁੰਦੀ ਹੈ। ਉਨ੍ਹਾਂ 128ਵੇਂ ਸੋਧ ਬਿੱਲ ‘ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਮੰਗ ਕਰਦਿਆਂ ਕਿਹਾ ਕਿ ਇਸ ‘ਤੇ ਢੁੱਕਵੀਂ ਚਰਚਾ ਹੋਣੀ ਚਾਹੀਦੀ ਹੈ ਅਤੇ ਰਾਜ ਸਭਾ ‘ਚ ਵੀ ਮਹਿਲਾਵਾਂ ਲਈ ਇਕ-ਤਿਹਾਈ ਰਾਖਵਾਂਕਰਨ ਲਾਗੂ ਹੋਣਾ ਚਾਹੀਦਾ ਹੈ। ਸਮਾਜਵਾਦੀ ਪਾਰਟੀ ਦੀ ਮੈਂਬਰ ਜਯਾ ਬੱਚਨ ਨੇ ਬਿੱਲ ਨੂੰ ਹਮਾਇਤ ਦਿੰਦਿਆਂ ਮੰਗ ਕੀਤੀ ਕਿ ਓਬੀਸੀਜ਼ ਅਤੇ ਮੁਸਲਿਮ ਭਾਈਚਾਰੇ ਨਾਲ ਸਬੰਧਤ ਮਹਿਲਾਵਾਂ ਨੂੰ ਵੀ ਰਾਖਵੇਂਕਰਨ ‘ਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਕਿਹਾ, “ਜੇਕਰ ਸਰਕਾਰ 33 ਫ਼ੀਸਦੀ ਟਿਕਟਾਂ ਮਹਿਲਾਵਾਂ ਨੂੰ ਦੇਣ ਲਈ ਗੰਭੀਰ ਹੈ ਤਾਂ ਮੁਸਲਿਮ ਮਹਿਲਾਵਾਂ ਨੂੰ ਵੀ ਟਿਕਟਾਂ ਦਿੱਤੀਆਂ ਜਾਣ। ਸਰਕਾਰ ਤੀਹਰਾ ਤਲਾਕ ਕੇਸ ਬਾਰੇ ਗੱਲ ਕਰਦੀ ਹੈ ਤਾਂ ਉਨ੍ਹਾਂ ਨੂੰ ਟਿਕਟਾਂ ਵੀ ਦਿੱਤੀਆਂ ਜਾਣ। ਜੇਕਰ ਤੁਸੀਂ ਅਸਲ ‘ਚ ਗੰਭੀਰ ਹੋ ਤਾਂ ਬਿੱਲ ਨੂੰ ਪਾਸ ਕਰੋ।“ ਭਾਜਪਾ ਮੈਂਬਰ ਸੁਸ਼ੀਲ ਕੁਮਾਰ ਮੋਦੀ ਨੇ ਕਾਂਗਰਸ ‘ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ 2010 ‘ਚ ਓਬੀਸੀ ਕੋਟੇ ਦੀ ਵਿਵਸਥਾ ਕਿਉਂ ਨਹੀਂ ਕੀਤੀ ਸੀ। ਸ਼ਿਵ ਸੈਨਾ (ਯੂਬੀਟੀ) ਆਗੂ ਪ੍ਰਿਯੰਕਾ ਚਤੁਰਵੇਦੀ ਨੇ ਬਿੱਲ ਫੌਰੀ ਲਾਗੂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਮਹਿਲਾਵਾਂ ਰਾਖਵਾਂਕਰਨ ਰਾਜ ਸਭਾ ‘ਚ ਵੀ ਲਾਗੂ ਹੋਣਾ ਚਾਹੀਦਾ ਹੈ। ਕਾਂਗਰਸ ਦੀ ਅਮੀ ਯਾਗਨਿਕ ਤੇ ਫੂਲੋ ਦੇਵੀ ਨੇਤਾਮ, ਬੀਜੇਡੀ ਦੇ ਮਾਨਸ ਰੰਜਨ ਮੰਗਰਾਜ, ਸੁਜੀਤ ਕੁਮਾਰ ਤੇ ਮੁਜ਼ੀਬੁਲਾ ਖ਼ਾਨ, ਭਾਜਪਾ ਦੇ ਘਣਸ਼ਿਆਮ ਤਿਵਾੜੀ ਤੇ ਕਵਿਤਾ ਪਾਟੀਦਾਰ, ਵਾਈਐੱਸਆਰਸੀਪੀ ਦੇ ਆਰ ਕ੍ਰਿਸ਼ਨੱਈਆ, ਆਰਐੱਲਡੀ ਦੇ ਜੈਯੰਤ ਚੌਧਰੀ ਨੇ ਵੀ ਬਿੱਲ ਦੀ ਹਮਾਇਤ ਕੀਤੀ। ਕਪਿਲ ਸਿੱਬਲ ਨੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਦਨ ਨੂੰ ਭਰੋਸਾ ਦੇਣ ਕਿ ਮਹਿਲਾ ਰਾਖਵਾਂਕਰਨ ਲਾਗੂ ਕਰਨ ਦਾ ਅਮਲ 2029 ਤੱਕ ਮੁਕੰਮਲ ਹੋ ਜਾਵੇਗਾ। ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਕਾਂਗਰਸ ਵੱਲੋਂ ਮਹਿਲਾ ਕਾਨੂੰਨਸਾਜ਼ਾਂ ਲਈ ਰਾਖਵੇਂਕਰਨ ਅੰਦਰ ਓਬੀਸੀ ਕੋਟਾ ਲਾਗੂ ਕਰਨ ਦੀ ਮੰਗ ‘ਤੇ ਵਰ੍ਹਦਿਆਂ ਕਿਹਾ ਕਿ ਭਾਜਪਾ ਦੀ ਅਗਵਾਈ ਹੇਠਲੇ ਐੱਨਡੀਏ ਨੇ ਦੇਸ਼ ਨੂੰ ਪਹਿਲਾ ਓਬੀਸੀ ਪ੍ਰਧਾਨ ਮੰਤਰੀ ਦਿੱਤਾ ਹੈ। 128ਵੀਂ ਸੰਵਿਧਾਨਕ ਸੋਧ ਬਿੱਲ ‘ਤੇ ਰਾਜ ਸਭਾ ‘ਚ ਚਰਚਾ ਦੌਰਾਨ ਨੱਢਾ ਨੇ ਉਪਰਲੇ ਸਦਨ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਬਿੱਲ ਨੂੰ ਪੂਰੀ ਹਮਾਇਤ ਦੇਣ।










# ਨਸਲਵਾਦ ਤੇ ਸੰਵੇਦਨਹੀਣਤਾ ਦੇ ਦਰਮਿਆਨ

## ਸਿਆਟਲ ਵਿਚ ਭਾਰਤੀ ਮੁਟਿਆਰ ਦੀ ਮੌਤ ਤੇ ਪੰਜਾਬੀ ਯੂਨੀਵਰਸਿਟੀ ਦੀ ਦੁਖਦਾਈ ਘਟਨਾ...

**ਸੁਖਵਿੰਦਰ ਸਿੰਘ ਚੋਹਲਾ**

ਵਿਦੇਸ਼ਾਂ ਅਤੇ ਖਾਸ ਕਰਕੇ ਪੱਛਮੀ ਤੇ ਅਮੀਰ ਮੁਲਕਾਂ ਵਿਚ ਨਸਲਵਾਦ ਦੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਨਸਲਵਾਦ ਦੇ ਖਿਲਾਫ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਵਲੋਂ ਭਾਵੇਂਕਿ ਸਖਤ ਕਨੂੰਨ ਵੀ ਬਣਾਏ ਗਏ ਹਨ ਪਰ ਇਸਦੇ ਬਾਵਜੂਦ ਨਸਲਵਾਦੀ ਲੋਕ ਆਪਣੀਆਂ ਹਰਕਤਾਂ ਤੋਂ ਬਾਜ ਨਹੀ ਆਉਂਦੇ। ਉਸ ਮੌਕੇ ਸਥਿਤੀ ਹੋਰ ਵੀ ਨਾਜ਼ੁਕ ਬਣ ਜਾਂਦੀ ਹੈ ਜਦੋਂ ਨਸਲਵਾਦ ਖਿਲਾਫ ਕਾਰਵਾਈ ਕਰਨ ਵਾਲੇ ਅਧਿਕਾਰੀ ਜਾਂ ਮੁਨਸਫ ਹੀ ਮਾਨਵਤਾ ਖਿਲਾਫ ਇਸ ਅਪਰਾਧ ਵਿਚ ਸ਼ਾਮਿਲ ਪਾਏ ਜਾਂਦੇ ਹਨ। ਅਮਰੀਕਾ ਦੇ ਸ਼ਹਿਰ ਸਿਆਟਲ ਦੀ ਪੁਲੀਸ ਨੇ ਆਪਣੇ ਇਕ ਅਧਿਕਾਰੀ ਡੈਨੀਅਲ ਆਡੇਰਰ ਖ਼ਿਲਾਫ਼ ਨਸਲਵਾਦੀ ਘਟਨਾ ਵਿਚ ਸ਼ਾਮਿਲ ਪਾਏ ਜਾਣ ਦੀ ਜਾਂਚ ਆਰੰਭ ਕੀਤੀ ਹੈ। ਇਸ ਅਧਿਕਾਰੀ ਨੇ ਜਨਵਰੀ 2023 ਵਿਚ ਕਾਰ ਹਾਦਸੇ ਵਿਚ ਮਾਰੀ ਗਈ ਇਕ ਭਾਰਤੀ ਵਿਦਿਆਰਥਣ ਜਾਹਨਵੀ ਕੁੰਡਲਾ ਦੀ ਮੌਤ ਬਾਰੇ ਇਤਰਾਜ਼ਯੋਗ ਟਿੱਪਣੀ ਕੀਤੀ ਅਤੇ ਉਸਦੀ ਮੌਤ ਦਾ ਮਖੌਲ ਉਡਾਇਆ। ਜਾਹਨਵੀ ਦੀ ਮੌਤ ਪੁਲੀਸ ਅਧਿਕਾਰੀ ਕੈਵਿਨ ਡੇਵ ਦੀ ਕਾਰ ਨਾਲ ਟਕਰਾਉਣ ਕਰਕੇ ਹੋਈ ਸੀ ਜੋ ਤੇਜ਼ ਗਤੀ ਨਾਲ ਕਾਰ ਚਲਾ ਰਿਹਾ ਸੀ। ਉਸ ਸਮੇਂ ਡੈਨੀਅਲ ਆਡੇਰਰ, ਜੋ ਸਿਆਟਲ ਪੁਲੀਸ ਆਫੀਸਰਜ਼ ਗਿਲਡ ਦਾ ਉਪ-ਪ੍ਰਧਾਨ ਵੀ ਹੈ, ਨੇ ਜਥੇਬੰਦੀ ਦੇ ਪ੍ਰਧਾਨ ਨਾਲ ਗੱਲਬਾਤ ਦੌਰਾਨ ਕਿਹਾ ਕਿ ਡੇਵ ਨੂੰ ਘਬਰਾਉਣ ਦੀ ਕੋਈ ਜ਼ਰੂਰਤ ਨਹੀਂ ਅਤੇ ਸਰਕਾਰ ਨੂੰ 11000 ਡਾਲਰ ਦਾ ਚੈਕ ਤਿਆਰ ਰੱਖਣਾ ਚਾਹੀਦਾ ਹੈ। ਉਹਨੇ ਕਿਹਾ ਕਿ ਮ੍ਰਿਤਕਾ ਦੀ ਜ਼ਿੰਦਗੀ ਦੀ ਕੀਮਤ ਜਿਆਦਾ ਨਹੀਂ । ਇਸ ਗੱਲਬਾਤ ਦੌਰਾਨ ਉਸ ਨੂੰ 23 ਸਾਲਾਂ ਦੀ ਨੌਜਵਾਨ ਕੁੜੀ ਦੀ ਮੌਤ ਬਾਰੇ ਨਾ ਤਾਂ ਕੋਈ ਮਲਾਲ ਸੀ ਅਤੇ ਨਾ ਹੀ ਕੋਈ ਦੁੱਖ ਤੇ ਉਹ ਵਾਰ -ਵਾਰ ਹੱਸ ਰਿਹਾ ਸੀ। ਜਦ ਡੈਨੀਅਲ ਆਡੇਰਰ ਨੇ ਉਪਰੋਕਤ ਗੱਲਬਾਤ ਕੀਤੀ ਤਾਂ ਉਸ ਨੇ ਆਪਣੀ ਵਰਦੀ ਨਾਲ ਲੱਗੇ ਕੈਮਰੇ ਨੂੰ ਬੰਦ ਨਹੀਂ ਸੀ ਕੀਤਾ ਅਤੇ ਇਹ ਗੱਲਬਾਤ ਰਿਕਾਰਡ ਹੋ ਗਈ। ਆਂਧਰਾ ਪ੍ਰਦੇਸ਼ ਦੇ ਕੁਰਨੂਲ ਜ਼ਿਲ੍ਹੇ ਨਾਲ ਸਬੰਧ ਰੱਖਣ ਵਾਲੀ ਜਾਹਨਵੀ ਨਾਰਥ ਈਸਟਰਨ ਯੂਨੀਵਰਸਿਟੀ ਵਿਚ ਪੜ੍ਹ ਰਹੀ ਸੀ ਅਤੇ ਇਸ ਦਸੰਬਰ ਉਸ ਨੇ ਇੰਜੀਨੀਅਰ ਬਣ ਜਾਣਾ ਸੀ। ਉਹ ਆਪਣੀ ਮਾਂ ਦੀ ਇਕੱਲੀ ਧੀ ਸੀ। ਇਸ ਦੁਖਾਂਤ ਵਿਚ ਆਪਣੇ ਸਾਥੀ ਦੀ ਲਾਪਰਵਾਹੀ 'ਤੇ ਗੁੱਸੇ ਹੋਣ ਅਤੇ ਪੀੜਤ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੋਣ ਦੀ ਥਾਂ 'ਤੇ ਆਡੇਰਰ ਨੇ ਮ੍ਰਿਤਕਾ ਬਾਰੇ ਮਖੌਲਨੁਮਾ ਟਿੱਪਣੀਆਂ ਕਰ ਕੇ ਨਸਲਵਾਦੀ ਜਹਿਨੀਅਤ ਦਾ ਪ੍ਰਗਟਾਵਾ ਕੀਤਾ। ਸਿਆਟਲ ਪੁਲੀਸ ਨੂੰ ਕੁਝ ਦਿਨ ਪਹਿਲਾਂ ਆਡੇਰਰ ਦੇ ਇਸ ਰਵੱਈਏ ਬਾਰੇ ਜਾਣਕਾਰੀ ਮਿਲੀ। ਹੁਣ ਸਿਆਟਲ ਦਾ 'ਪੁਲੀਸ ਜਵਾਬਦੇਹੀ ਵਿਭਾਗ ਇਸ ਘਟਨਾ ਦੀ ਤਫ਼ਤੀਸ਼ ਕਰ ਰਿਹਾ ਹੈ। ਅਮਰੀਕਾ ਵਿਚ ਭਾਰਤੀ ਸਫ਼ਾਰਤਖਾਨੇ ਨੇ ਮਾਮਲੇ ਵਿਚ ਦਖ਼ਲ ਦਿੰਦਿਆਂ ਇਸ ਨੂੰ 'ਬੇਹੱਦ ਪਰੇਸ਼ਾਨੀ' ਵਾਲੀ ਘਟਨਾ ਦੱਸਿਆ ਹੈ।

ਨਸਲਵਾਦ ਦੀ ਜ਼ਹਿਰੀਲੀ ਵਿਚਾਰਧਾਰਾ ਅਮਰੀਕਾ ਤੇ ਯੂਰੋਪ ਵਿਚ ਸਦੀਆਂ ਤੋਂ ਮੌਜੂਦ ਰਹੀ ਹੈ। ਇਹ ਸਿਰਫ਼ ਗ਼ੈਰ-ਗੋਰੇ ਲੋਕਾਂ ਵਿਰੁੱਧ ਘਿਰਣਾ ਅਤੇ ਨਫਰਤ ਹੀ ਨਹੀਂ ਪੈਦਾ ਕਰਦੀ ਸਗੋਂ ਗ਼ੈਰ-ਗੋਰੇ ਲੋਕਾਂ 'ਤੇ ਵੱਡੇ ਜਬਰਾਂ ਦਾ ਕਾਰਨ ਵੀ ਬਣੀ ਹੈ। ਇਹ ਵਿਚਾਰ ਸਦੀਆਂ ਤੋਂ ਪਨਪਦਾ ਰਿਹਾ ਹੈ ਕਿ ਗੋਰੀ ਚਮੜੀ ਵਾਲੇ ਲੋਕ ਹੋਰ ਰੰਗਾਂ ਵਾਲੇ ਲੋਕਾਂ ਤੋਂ ਜ਼ਿਆਦਾ ਬੁੱਧੀਮਾਨ ਤੇ ਸੂਝ-ਬੂਝ ਵਾਲੇ ਹਨ। ਇਸ ਤੋਂ ਇਹ ਵਿਚਾਰਧਾਰਾ ਪਨਪੀ ਕਿ ਗੋਰੀ ਨਸਲ ਸ੍ਰੇਸ਼ਟ ਨਸਲ ਹੈ ਅਤੇ ਦੂਸਰੀਆਂ ਨਸਲਾਂ ਉਸ ਦੇ ਮੁਕਾਬਲੇ ਘਟੀਆ ਹਨ। ਇਹੀ ਵਿਚਾਰਧਾਰਾ ਯੂਰੋਪ ਤੇ ਅਮਰੀਕਾ ਵਿਚ ਵੱਡੀ ਪੱਧਰ 'ਤੇ ਅਫਰੀਕੀ ਮੂਲ ਦੇ ਲੋਕਾਂ ਨੂੰ ਗ਼ੁਲਾਮ ਬਣਾਉਣ ਤੇ ਉਨ੍ਹਾਂ 'ਤੇ ਅਕਹਿ ਜ਼ੁਲਮ ਕਰਨ ਦਾ ਆਧਾਰ ਬਣੀ। ਇਕ ਹੋਰ ਦ੍ਰਿਸ਼ਟੀਕੋਣ ਤੋਂ ਦੇਖਿਆਂ ਭਾਰਤ ਦੇ ਵੱਖ- ਵੱਖ ਸਮਾਜਾਂ ਵਿਚ ਮੌਜੂਦ ਜਾਤੀਵਾਦ ਵੀ ਇਕ ਤਰ੍ਹਾਂ ਦਾ ਨਸਲਵਾਦ ਹੈ। ਜਾਤੀਵਾਦੀ ਵਿਚਾਰਧਾਰਾ ਤਹਿਤ ਤਥਾਕਥਿਤ ਉੱਚੀਆਂ ਜਾਤਾਂ ਦੇ ਲੋਕ ਆਪਣੇ ਆਪ ਨੂੰ ਬੁੱਧੀਮਾਨ ਅਤੇ ਉੱਚੇ ਸਮਾਜਿਕ ਦਰਜੇ ਦੇ ਸਮਝਦੇ ਹਨ ਜਦੋਂਕਿ ਤਥਾਕਥਿਤ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਤੁੱਛ ਅਤੇ ਘੱਟ ਸਮਾਜਿਕ ਦਰਜੇ ਵਾਲੇ ਸਮਝਿਆ ਜਾਂਦਾ ਹੈ। ਨਸਲਵਾਦ, ਜਾਤੀਵਾਦ ਤੇ ਇਸ ਤਰ੍ਹਾਂ ਦੀਆਂ ਹੋਰ ਵੰਡੀਆਂ ਮਨੁੱਖਤਾ ਦੇ ਨਾਂ 'ਤੇ ਕਲੰਕ ਹਨ। ਅਜਿਹੇ ਰੁਝਾਨਾਂ ਦਾ ਸਾਹਮਣਾ ਕਰਨ ਲਈ ਜਿੱਥੇ ਲਗਾਤਾਰ ਵਿਚਾਰਧਾਰਕ ਲੜਾਈ ਦੀ ਲੋੜ ਹੈ, ਉੱਥੇ ਜ਼ੁਲਮ-ਜਬਰ ਦੀ ਹਰ ਵਾਰਦਾਤ ਵਿਚ ਵੀ ਅਜਿਹੀਆਂ ਵਿਚਾਰਧਾਰਾਵਾਂ ਨੂੰ ਬੇਨਕਾਬ ਕਰਨਾ ਜ਼ਰੂਰੀ ਹੈ। ਸਿਆਟਲ ਦੀ ਘਟਨਾ ਨਸਲਵਾਦ ਦੀ ਕੋਝੀ ਉਦਾਹਰਨ ਹੈ ਜਿਸਦੀ ਹਰ ਪੱਧਰ ਦੀ ਨਿੰਦਾ ਕਰਨ ਦੇ ਨਾਲ ਦੋਸ਼ੀ ਪੁਲਿਸ ਅਫਸਰ ਖਿਲਾਫ ਕਾਰਵਾਈ ਤੇ ਪੀੜਤ ਪਰਿਵਾਰ ਨੂੰ ਨਿਆਂ ਦਿਵਾਉਣ ਦੀ ਲੋੜ ਹੈ।



### ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਘਟਨਾ

ਪਿਛਲੇ ਚਾਰ-ਪੰਜ ਦਿਨਾਂ ਤੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇਕ ਪ੍ਰੋਫੈਸਰ ਵਲੋਂ ਆਪਣੀ ਇਕ ਵਿਦਿਆਰਥਣ ਨਾਲ ਕਥਿਤ ਅਪਮਾਨਜਨਕ ਵਿਹਾਰ ਪਿਛੋਂ ਵਿਦਿਆਰਥਣ ਦੀ ਮੌਤ ਹੋ ਜਾਣ ਦੀ ਘਟਨਾ ਨੂੰ ਲੈਕੇ ਯੂਨੀਵਰਸਿਟੀ ਦੇ ਅੰਦਰ ਅਤੇ ਬਾਹਰ ਕਾਫੀ ਹੋ -ਹੱਲਾ ਮੱਚਿਆ ਹੋਇਆ ਹੈ। ਜਾਣਕਾਰੀ ਮੁਤਾਬਿਕ ਵਿਦਿਆਰਥਣ ਜਸ਼ਨਦੀਪ ਕੌਰ ਪਿਛਲੇ ਕੁਝ ਸਮੇਂ ਤੋ ਬੀਮਾਰ ਸੀ। ਉਹ ਕਲਾਸ ਵਿਚ ਆਈ ਤਾਂ ਅਧਿਆਪਕ ਕੋਲੋਂ ਛੁੱਟੀ ਦੀ ਮੰਗ ਕੀਤੀ। ਅਧਿਆਪਕ ਨੇ ਛੁੱਟੀ ਤਾਂ ਦਿੱਤੀ ਪਰ ਨਾਲ ਹੀ ਇਹ ਕਹਿ ਦਿੱਤਾ ਕਿ ਜੇ ਛੁੱਟੀ ਹੀ ਲੈਣੀ ਸੀ ਤਾਂ ਕਲਾਸ ਵਿਚ ਕਿਉਂ ਆਏ। ਇਹ ਟਿਪਣੀ ਇਤਨੀ ਅਪਮਾਨਜਨਕ ਤਾਂ ਨਹੀ ਪਰ ਇਕ ਅਧਿਆਪਕ ਲਈ ਅਮਾਨਵੀ ਵਿਹਾਰ ਜਰੂਰ ਹੈ ਜੋ ਆਪਣੇ ਵਿਦਿਆਰਥੀ ਨੂੰ ਬੀਮਾਰੀ ਦੀ ਹਾਲਤ ਵਿਚ ਆਰਾਮ ਕਰਨ ਜਾਂ ਡਾਕਟਰ ਕੋਲ ਜਾਣ ਦੀ ਸਲਾਹ ਦੇਣ ਦੀ ਥਾਂ ਉਸਨੂੰ ਕਲਾਸ ਦਾ ਅਨੁਸ਼ਾਸ਼ਨ ਸਿਖਾਉਣ ਦੀ ਸਖਤੀ ਕਰ ਰਿਹਾ ਸੀ। ਵਿਦਿਆਰਥਣ ਬਾਦ ਵਿਚ ਯੂਨੀਵਰਸਿਟੀ ਦੀ ਡਿਸਪੈਂਸਰੀ ਵਿਚ ਗਈ।ਦਵਾਈ ਲਈ ਤੇ ਫਿਰ ਮਾਪਿਆਂ ਦੇ ਆਉਣ ਉਪਰੰਤ ਪਿੰਡ ਚਲੀ ਗਈ। ਪਿੰਡ ਵਿਚ ਉਸਦੇ ਆਪਣੇ ਘਰ ਵਿਚ ਹੀ ਉਸਦੀ ਮੌਤ ਦੀ ਦੁਖਦਾਈ ਖਬਰ ਸਾਹਮਣੇ ਆਈ। ਇਹ ਖਬਰ ਯੂਨਵਰਸਿਟੀ ਵਿਚ ਪੁੱਜਦਿਆਂ ਵੱਡਾ ਹੰਗਾਮਾ ਹੋ ਗਿਆ ਤੇ ਸਾਰਾ ਦੋਸ਼ ਅਧਿਆਪਕ ਉਪਰ ਮੜਦਿਆਂ ਭੜਕੇ ਵਿਦਿਆਰਥੀਆਂ ਨੇ ਅਧਿਆਪਕ ਦੀ ਕੁੱਟਮਾਰ ਕਰਨ ਦਾ ਵੱਡਾ ਕਾਂਡ ਕਰ ਦਿੱਤਾ। ਜਿਵੇਂ ਕਿਵੇ ਯੂਨਵਰਸਿਟੀ ਸੁਰੱਖਿਆ ਕਰਮੀਆਂ ਨੇ ਅਧਿਆਪਕ ਨੂੰ ਭੀੜ ਤੋ ਬਚਾਇਆ ਤੇ ਹਸਪਤਾਲ ਪਹੁੰਚਾਇਆ। ਯੂਨਵਰਸਿਟੀ ਵਿਚ ਵਿਦਿਆਰਥੀਆਂ ਦੀ ਭੀੜ ਦਾ ਇਹ ਗੁੱਸਾ ਅਧਿਆਪਕ ਉਪਰ ਕਿਉਂ ਫੁੱਟਿਆ। ਵਿਦਿਆਰਥਣ ਦੀ ਮੌਤ ਯੂਨੀਵਰਸਿਟੀ ਹੋਟਲ ਵਿਚ ਕਿਸੇ ਸ਼ੱਕੀ ਹਾਲਤ ਹੋਈ ਹੁੰਦੀ ਤਾਂ ਅਜਿਹਾ ਰੋਹ ਫਟਣਾ ਸੁਭਾਵਿਕ ਹੋ ਸਕਦਾ ਸੀ ਪਰ ਇਤਨੀ ਜਲਦੀ ਇਹ ਹਾਲਤ ਵਿਸਫੋਟਕ ਹੋਣ ਲਈ ਸਬੰਧਿਤ ਅਧਿਆਪਕ ਦਾ ਬੀਤੇ ਵਿਚ ਹੋਰ ਵਿਦਿਆਰਥੀਆਂ ਜਾਂ ਕਿਸੇ ਗਰੁੱਪ ਨਾਲ ਸਖਤ ਵਿਹਾਰ ਜ਼ਰੂਰ ਜਿੰਮੇਵਾਰ ਰਿਹਾ ਹੋਵੇਗਾ। ਯੂਨੀਵਰਸਿਟੀ ਦੇ ਵੀਸੀ ਵਲੋਂ ਇਸ ਸਾਰੇ ਮਾਮਲੇ ਦੀ ਇਕ ਸਿਟਿੰਗ ਜੱਜ ਨੂੰ ਜਾਂਚ ਸੌਂਪੀ ਗਈ ਹੈ ਪਰ ਮਰਹੂਮ ਵਿਦਿਆਰਥਣ ਦੇ ਮਾਪਿਆਂ ਨਾਲ ਖੜੇ ਕੁਝ ਜਥੇਬੰਦੀਆਂ ਦੇ ਆਗੂ ਅਧਿਆਪਕ ਖਿਲਾਫ ਕੇਸ ਦਰਜ ਕਰਨ ਅਤੇ ਉਸਦੀ ਗ੍ਰਿਫਤਾਰੀ ਦੇ ਨਾਲ ਪਰਿਵਾਰ ਲਈ ਮੁਆਵਜੇ ਦੇ ਰੂਪ ਵਿਚ ਪਰਿਵਾਰ ਦੇ ਇਕ ਮੈਂਬਰ ਲਈ ਸਰਕਾਰੀ ਨੌਕਰੀ ਦੀ ਮੰਗ ਰਹੇ ਹਨ। ਇਹ ਮੰਗਾਂ ਕਿਥੋ ਤੱਕ ਜਾਇਜ ਹਨ, ਇਸਦੇ ਵਿਸਥਾਰ ਵਿਚ ਜਾਣ ਦੀ ਬਿਜਾਏ ਅਧਿਆਪਕ ਖਿਲਾਫ ਬਾਹਾਂ ਟੁੰਗਕੇ ਖੜੇ ਉਹਨਾਂ ਲੋਕਾਂ ਬਾਰੇ ਕੀ ਕਿਹਾ ਜਾਵੇ ਜੋ ਅਧਿਆਪਕ ਨੂੰ ਇਸ ਕਰਕੇ ਟੰਗਿਆ ਵੇਖਣਾ ਚਾਹੁੰਦੇ ਹਨ ਕਿ ਉਹ ਮਾਰਕਸੀ ਵਿਚਾਰਧਾਰਾ ਵਾਲਾ ਵਿਦਵਾਨ ਹੈ। ਸੋਸ਼ਲ ਮੀਡੀਆ ਉਪਰ ਉਸਨੂੰ ਕਾਮਰੇਡ ਕਹਿਕੇ ਯੂਨਵਰਸਿਟੀਆਂ ਵਿਚ ਬੈਠੇ ਹੋਰ ਮਾਰਕਸੀ ਵਿਚਾਰਧਾਰਾ ਵਾਲੇ ਅਧਿਆਪਕਾਂ ਨੂੰ ਨਿਸ਼ਾਨਾ ਬਣਾਉਣ ਅਤੇ ਮਰਹੂਮ ਵਿਦਵਾਨ ਲੇਖਕ ਪ੍ਰੋਫੈਸਰਾਂ ਦੀਆਂ ਕਬਰਾਂ ਖੋਦਣ ਵਾਲੇ ਆਪਣੀ ਸੌੜੀ ਸੋਚ ਵਾਲੀ ਵਿਚਾਰਧਾਰਾ ਨੂੰ ਕਿਸ ਖਾਨੇ ਵਿਚ ਰੱਖਕੇ ਪੋਸਟਾਂ ਪਾ ਰਹੇ ਹਨ, ਸਮਝੋ ਬਾਹਰਾ ਹੈ। ਤਰਸਯੋਗ ਹੈ ਕਿ ਕਿਸੇ ਮਾਸੂਮ ਦੀ ਮੌਤ ਉਪਰ ਵੀ ਰਾਜਨੀਤੀ ਕੀਤੀ ਜਾ ਸਕਦੀ ਹੈ ਤੇ ਨਿੱਜੀ ਕਿੜਾਂ ਕੱਢਣ ਦਾ ਜਹਿਰ ਘੋਲਿਆ ਜਾ ਸਕਦੈ। ਪ੍ਰੋਫੈਸਰਾਂ ਦੀਆਂ ਭਾਰੀ ਭਰਕਮ ਤਨਖਾਹਾਂ, ਉਹਨਾਂ ਦੀ ਜੀਵਨ ਸ਼ੈਲੀ, ਉਹਨਾਂ ਦੀ ਵਿਦਵਤਾ ਨੂੰ ਹੰਕਾਰ ਨਾਲ ਜੋੜਕੇ ਕੀਤੇ ਜਾ ਰਹੇ ਭੰਡੀ ਪ੍ਰਚਾਰ ਕਰਨ ਵਾਲੇ ਲੋਕ ਖੁਦ ਕੀ ਹਨ। ਸਾਡੇ ਸਮਾਜ ਦਾ ਉਹ ਹਿੱਸਾ ਜੋ ਰੌਲੇ ਰੱਪੇ ਦੀ ਅਗਵਾਈ ਕਰਦਿਆਂ ਖੁਦ ਉਹ ਥਾਵਾਂ ਮੱਲਣ ਵਿਚ ਦੇਰ ਨਹੀ ਲਗਾਉਂਦੇ ਜਿਸਦੀ ਉਹ ਕੁਝ ਸਮਾਂ ਪਹਿਲਾਂ ਹੀ ਆਲੋਚਨਾ ਕਰ ਰਹੇ ਹੁੰਦੇ ਹਨ। ਚਲੋ ਇਸ ਘੜੀ ਉਸ ਮਾਸੂਮ ਬੱਚੀ ਦੀ ਮੌਤ ਉਪਰ ਮਾਤਮ ਕਰੀਏ, ਪਰਿਵਾਰ ਨੂੰ ਹੌਸਲਾ ਦਈਏ ਤੇ ਸੰਵੇਦਨਹੀਣ ਲੋਕਾਂ ਨੂੰ ਸੁਮੱਤ ਦੀ ਕਾਮਨਾ ਕਰੀਏ...


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart & Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

# ਦਿੱਲੀ ਰੇਲਵੇ ਸਟੇਸ਼ਨ ’ਤੇ ਕੁਲੀਆਂ ਨੂੰ ਮਿਲੇ ਰਾਹੁਲ ਗਾਂਧੀ

## ਕੁਲੀਆਂ ਵਾਲੀ ਲਾਲ ਕਮੀਜ਼ ਪਹਿਨ ਕੇ ਸਿਰ ’ਤੇ ਸਾਮਾਨ ਵੀ ਚੁੱਕਿਆ



ਨਵੀਂ ਦਿੱਲੀ-ਕਾਂਗਰਸ ਆਗੂ ਰਾਹੁਲ ਗਾਂਧੀ ਨੇ ਅੱਜ ਇੱਥੇ ਆਨੰਦ ਵਿਹਾਰ ਰੇਲਵੇ ਸਟੇਸ਼ਨ ‘ਤੇ ਪਹੁੰਚ ਕੇ ਕੁਲੀਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਰਾਹੁਲ ਇੱਥੇ ਕੁਲੀਆਂ ਦੀ ਲਾਲ ਕਮੀਜ਼ ਪਹਿਨ ਕੇ ਸਿਰ ‘ਤੇ ਸਾਮਾਨ ਚੁੱਕਦੇ ਹੋਏ ਵੀ ਦਿਖਾਈ ਦਿੱਤੇ। ਇਸ ਮਗਰੋਂ ਉਹ ਕੁਲੀਆਂ ਨਾਲ ਬੈਠ ਗਏ ਅਤੇ ਉਨ੍ਹਾਂ ਤੋਂ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਹਾਸਲ ਕੀਤੀ। ਕਾਂਗਰਸ ਨੇ ਸੋਸ਼ਲ ਮੀਡੀਆ ਮੰਚ ‘ਐਕਸ’ ‘ਤੇ ਰਾਹੁਲ ਦੀ ਕੁਲੀਆਂ ਨਾਲ ਗੱਲਬਾਤ ਦੀ ਤਸਵੀਰ ਸਾਂਝੀ ਕਰਦਿਆਂ ਲਿਖਿਆ, ‘ਲੋਕ ਨਾਇਕ ਰਾਹੁਲ ਗਾਂਧੀ ਜੀ ਅੱਜ ਦਿੱਲੀ ਦੇ ਆਨੰਦ ਵਿਹਾਰ ਰੇਲਵੇ ਸਟੇਸ਼ਨ ‘ਤੇ ਆਪਣੇ ਕੁਲੀ ਮਿੱਤਰਾਂ ਨੂੰ ਮਿਲੇ। ਹਾਲ ਹੀ ਵਿੱਚ ਇੱਕ ਵੀਡੀਓ ਕਾਫੀ ਵਾਇਰਲ ਹੋਈ ਸੀ ਜਿਸ ‘ਚ ਰੇਲਵੇ ਸਟੇਸ਼ਨ ਦੇ ਕੁਲੀ ਮਿੱਤਰਾਂ ਨੇ ਉਨ੍ਹਾਂ ਨਾਲ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਸੀ।‘ ਪਾਰਟੀ ਨੇ ਲਿਖਿਆ, ‘ਅੱਜ ਰਾਹੁਲ ਜੀ ਉਨ੍ਹਾਂ ਵਿਚਾਲੇ ਪਹੁੰਚੇ ਅਤੇ ਉਨ੍ਹਾਂ ਦੀ ਗੱਲ ਸੁਣੀ। ਭਾਰਤ ਜੋੜੋ ਯਾਤਰਾ ਜਾਰੀ ਹੈ।‘ ਰਾਹੁਲ ਨੇ ਇੰਸਟਾਗ੍ਰਾਮ ‘ਤੇ ਇੱਕ ਪੋਸਟ ‘ਚ ਲਿਖਿਆ, ‘ਅੱਜ ਦਿੱਲੀ ‘ਚ ਆਨੰਦ ਵਿਹਾਰ ਟਰਮੀਨਲ ‘ਤੇ ਕੰਮ ਕਰ ਰਹੇ ਕੁਲੀ ਭਰਾਵਾਂ ਨਾਲ ਮੁਲਾਕਾਤ ਕੀਤੀ।‘ ਉਨ੍ਹਾਂ ਲਿਖਿਆ, ‘ਬੜੇ ਦਿਨਾਂ ਤੋਂ ਮੇਰੀ ਇੱਛਾ ਸੀ ਅਤੇ ਉਨ੍ਹਾਂ ਮੈਨੂੰ ਬਹੁਤ ਪਿਆਰ ਨਾਲ ਬੁਲਾਇਆ ਵੀ ਸੀ ਅਤੇ ਭਾਰਤ ਦੇ ਮਿਹਨਤੀ ਭਰਾਵਾਂ ਦੀ ਇੱਛਾ ਹਰ ਹਾਲ ਵਿੱਚ ਪੂਰੀ ਹੋਣੀ ਚਾਹੀਦੀ ਹੈ।‘ ਰਾਹੁਲ ਮਿਸਤਰੀਆਂ ਤੋਂ ਲੈ ਕੇ ਵਿਦਿਆਰਥੀਆਂ ਤੱਕ ਸਮਾਜ ਦੇ ਵੱਖ ਵੱਖ ਵਰਗਾਂ ਨਾਲ ਗੱਲਬਾਤ ਕਰ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੰਨਿਆਕੁਮਾਰੀ ਤੋਂ ਕਸ਼ਮੀਰ ਤੱਕ ਦੀ ਉਨ੍ਹਾਂ ਦੀ ਭਾਰਤ ਜੋੜੋ ਯਾਤਰਾ ਇਸ ਤਰ੍ਹਾਂ ਦੀਆਂ ਗੱਲਾਂਬਾਤਾਂ ਰਾਹੀਂ ਜਾਰੀ ਰਹੇਗੀ। ਉਨ੍ਹਾਂ ਹਾਲ ਹੀ ਵਿੱਚ ਲੱਦਾਖ ਪਹੁੰਚ ਕੇ ਸਮਾਜ ਦੇ ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਵੀ ਮੁਲਾਕਾਤ ਕੀਤੀ ਸੀ।

## ਲੋਕਾਂ ਨੂੰ ਧਰਮ ਤੇ ਜਾਤ ਦੇ ਨਾਂ ’ਤੇ ਗੁਮਰਾਹ ਕੀਤਾ ਜਾ ਰਿਹੈ-ਪ੍ਰਿਯੰਕਾ



ਦੁਰਗ (ਛੱਤੀਸਗੜ੍ਹ)-ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਅੱਜ ਮਹਿਲਾ ਸਮ੍ਰਿਧੀ ਸੰਮੇਲਨ ਦੌਰਾਨ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਦੇ ਜਜ਼ਬਾਤਾਂ ਦੀ ਸਿਆਸੀ ਮੰਤਵਾਂ ਲਈ ਵਰਤੋਂ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਨੂੰ ਧਰਮ ਤੇ ਜਾਤ ਦੇ ਨਾਂ ‘ਤੇ ਗੁਮਰਾਹ ਕੀਤਾ ਜਾ ਰਿਹਾ ਹੈ। ਇਹ ਸਭ ਕੁਝ ਇਕ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ ਤਾਂ ਕਿ ਲੋਕ ਬੁਨਿਆਦੀ ਸਵਾਲ ਨਾ ਉਠਾ ਸਕਣ। ਜ਼ਿਕਰਯੋਗ ਹੈ ਕਿ ਮਹਿਲਾ ਸਮ੍ਰਿਧੀ ਸੰਮੇਲਨ ਸੂਬੇ ਦੀ ਭੁਪੇਸ਼ ਬਘੇਲ ਸਰਕਾਰ ਵੱਲੋਂ ਭਿਲਾਈ ਵਿੱਚ ਕਰਵਾਇਆ ਗਿਆ ਹੈ। ਸ੍ਰੀਮਤੀ ਗਾਂਧੀ ਨੇ ਕਿਹਾ ਕਿ ਕੇਂਦਰ ਵਿਚਲੀ ਮੋਦੀ ਸਰਕਾਰ ਦੇਸ਼ ਵਿੱਚ ਬੇਰੁਜ਼ਗਾਰੀ ਤੇ ਮਹਿੰਗਾਈ ਬਾਰੇ ਗੱਲ ਨਹੀਂ ਕਰਦੀ ਜਦੋਂ ਕਿ ਸਰਕਾਰ ਦੇ ‘ਮਿੱਤਰ ਕਾਰੋਬਾਰੀ’ ਰੋਜ਼ਾਨਾ 1600 ਕਰੋੜ ਰੁਪਏ ਕਮਾ ਰਹੇ ਹਨ। ਆਪਣੇ ਬਚਪਨ ਨੂੰ ਯਾਦ ਕਰਦਿਆਂ ਕਾਂਗਰਸੀ ਆਗੂ ਨੇ ਕਿਹਾ ਕਿ ਉਹ ਤੇ ਉਸ ਦਾ ਪਿਤਾ ਰਾਜੀਵ ਗਾਂਧੀ ਆਪਣੇ ਹਲਕੇ ਦਾ ਦੌਰਾ ਕਰ ਰਹੇ ਸਨ। ਉਸ ਦਾ ਪਿਤਾ ਗੱਡੀ ਚਲਾ ਰਿਹਾ ਸੀ। ਇਸੇ ਦੌਰਾਨ ਉਹ ਲੋਕਾਂ ਨੂੰ ਮਿਲਣ ਲਈ ਗੱਡੀ ਤੋਂ ਉਤਰੇ ਅਤੇ ਤੁਰਨ ਲੱਗ ਪਏ।

## ਕੈਨੇਡੀਅਨ ਨਾਗਰਿਕ ਦੇ ਕਤਲ ਦੇ ਮਾਮਲੇ ਵਿਚ ਭਾਰਤ ਨੂੰ ਨਹੀਂ ਮਿਲੇਗੀ ਵਿਸ਼ੇਸ਼ ਰਿਆਇਤ-ਅਮਰੀਕਾ




ਵਾਸ਼ਿੰਗਟਨ-ਕੈਨੇਡਾ ਵੱਲੋਂ ਸਿੱਖ ਵੱਖਵਾਦੀ ਆਗੂ ਦਾ ਕਤਲ ਕਰਨ ਦਾ ਦੋਸ਼ ਭਾਰਤ ਸਰਕਾਰ ਦੇ ਏਜੰਟਾਂ ਉੱਤੇ ਲਾਉਣ ਤੋਂ ਬਾਅਦ ਅਮਰੀਕਾ ਦਾ ਕਹਿਣਾ ਹੈ ਕਿ ਉਹ ਭਾਰਤੀ ਉੱਚ ਅਧਿਕਾਰੀਆਂ ਨਾਲ ਪੂਰੀ ਤਰ੍ਹਾਂ ਰਾਬਤਾ ਰੱਖ ਰਿਹਾ ਹੈ।ਅਮਰੀਕਾ ਦੇ ਨੈਸ਼ਨਲ ਸਕਿਊਰਿਟੀ ਸਲਾਹਕਾਰ ਜੇਕ ਸੁਲੀਵਾਨ ਨੇ ਇਹ ਵੀ ਸਪਸ਼ਟ ਕੀਤਾ ਕਿ ਇਸ ਮਾਮਲੇ ਵਿੱਚ ਅਮਰੀਕਾ ਵੱਲੋਂ ਭਾਰਤ ਨੂੰ ਕੋਈ ਵਿਸ਼ੇਸ਼ ਛੋਟ ਨਹੀਂ ਦਿੱਤੀ ਜਾਵੇਗੀ। ਅਮਰੀਕਾ ਭਾਰਤ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦਾ ਸੀ। ਇਸ ਸਬੰਧ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਾਈਟ ਹਾਊਸ ਵਿੱਚ ਮੁਲਾਕਾਤ ਵੀ ਕੀਤੀ ਗਈ। ਇਹ ਪੁੱਛੇ ਜਾਣ ਉੱਤੇ ਕਿ ਅਮਰੀਕਾ ਨੂੰ ਡਰ ਹੈ ਕਿ ਇਸ ਘਟਨਾ ਤੋਂ ਬਾਅਦ ਭਾਰਤ ਨਾਲ ਸਬੰਧਾਂ ਵਿੱਚ ਵਿਘਨ ਪਵੇਗਾ ਤਾਂ ਸੁਲੀਵਾਨ ਨੇ ਆਖਿਆ ਕਿ ਅਮਰੀਕਾ ਆਪਣੇ ਸਿਧਾਂਤਾਂ ਉੱਤੇ ਪਹਿਰਾ ਦੇਵੇਗਾ ਫਿਰ ਭਾਵੇਂ ਕਿਸੇ ਵੀ ਦੇਸ਼ ਨਾਲ ਸਬੰਧ ਪ੍ਰਭਾਵਿਤ ਹੋ ਰਹੇ ਹੋਣ। ਵਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਲੀਵਾਨ ਨੇ ਆਖਿਆ ਕਿ ਸਾਡੇ ਲਈ ਇਹ ਚਿੰਤਾ ਦਾ ਵਿਸ਼ਾ ਹੈ। ਅਸੀਂ ਇਸ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ। ਅਸੀਂ ਇਸ ਉੱਤੇ ਕੰਮ ਕਰ ਰਹੇ ਹਾਂ। ਇਸ ਤਰ੍ਹਾਂ ਦੀਆਂ ਹਰਕਤਾਂ ਲਈ ਕਿਸੇ ਵੀ ਦੇਸ਼ ਨੂੰ ਸਾਡੇ ਤੋਂ ਰਿਆਇਤ ਦੀ ਉਮੀਦ ਨਹੀਂ ਕਰਨੀ ਚਾਹੀਦੀ। ਉਨ੍ਹਾਂ ਸਪਸ਼ਟ ਕੀਤਾ ਕਿ ਅਸੀਂ ਕੈਨੇਡਾ ਵਰਗੇ ਭਾਈਵਾਲਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਾਂ। ਜ਼ਿਕਰਯੋਗ ਹੈ ਕਿ 45 ਸਾਲਾ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਕੈਨੇਡਾ ਨੇ ਦਾਅਵਾ ਕੀਤਾ ਸੀ ਕਿ ਇਸ ਪਿੱਛੇ ਭਾਰਤ ਸਰਕਾਰ ਦਾ ਹੱਥ ਹੈ। ਸੁਲੀਵਾਨ ਨੇ ਆਖਿਆ ਕਿ ਉਹ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨਾਲ ਰਾਬਤਾ ਰੱਖ ਰਹੇ ਹਨ।ਸੁਲੀਵਾਨ ਨੇ ਇਨ੍ਹਾਂ ਖਬਰਾਂ ਦਾ ਵੀ ਖੰਡਨ ਕੀਤਾ ਕਿ ਇਸ ਮਾਮਲੇ ਵਿੱਚ ਕੈਨੇਡਾ ਤੇ ਅਮਰੀਕਾ ਦੇ ਵਿਚਾਰਾਂ ਵਿੱਚ ਕੋਈ ਫਰਕ ਹੈ। ਉਨ੍ਹਾਂ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਇਸ ਮਾਮਲੇ ਦੀ ਜਾਂਚ ਸਹੀ ਢੰਗ ਨਾਲ ਕੀਤੀ ਜਾਵੇ ਤੇ ਕਾਤਲਾਂ ਨੂੰ ਸਜ਼ਾ ਮਿਲੇ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ ‘ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616







# ਇਤਿਹਾਸ ਦੇ ਪੰਨਿਆਂ ਤੇ ਯਾਦਗਾਰੀ ਪੈੜ੍ਹਾ ਛੱਡ ਗਿਆ ਕੈਲੀਫੋਰਨੀਆਂ ਦਾ 16ਵਾਂ ਵਰਲਡ ਕਬੱਡੀ ਕੱਪ

## • ਨਾਰਥ ਅਮਰੀਕਾ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਦੀ ਟੀਮ ਬਣੀ ਚੈਂਪੀਅਨ • ਸੰਦੀਪ ਨੰਗਲ ਅੰਬੀਆਂ ਬੇਅ ਏਰੀਆ ਦੀ ਟੀਮ ਰਹੀ ਉਪ ਜੇਤੂ

ਐਡਮਿੰਟਨ (ਡਾ.ਬਲਜੀਤ ਕੌਰ)-ਇਤਿਹਾਸ ਦੇ ਪੰਨਿਆਂ ਤੇ ਯਾਦਗਾਰੀ ਪੈੜ੍ਹਾਂ ਛੱਡਦਾ ਹੋਇਆ ਕੈਲੀਫੋਰਨੀਆਂ ਦਾ 16ਵਾਂ ਵਰਲਡ ਕਬੱਡੀ ਕੱਪ ਸਮਾਪਤ ਹੋ ਗਿਆ। ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆਂ ਅਮਰੀਕਾ ਵੱਲੋਂ ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਜੇਮਜ਼ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਕੈਲੀਫੋਰਨੀਆਂ ਦੇ ਖੇਡ ਮੈਦਾਨ 'ਚ 17 ਸਤੰਬਰ ਨੂੰ ਕਰਵਾਇਆ ਗਿਆ ਇਹ ਵਰਲਡ ਕਬੱਡੀ ਕੱਪ ਇਸ ਵਾਰੀ ਕਬੱਡੀ ਦੇ ਸਟਾਰ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਸਮਰਪਿਤ ਸੀ। ਯੂਨਾਈਡਿਟ ਸਪੋਰਟਸ ਕਲੱਬ ਦੇ ਚੀਫ ਪੈਟਰਨ ਅਮੋਲਕ ਸਿੰਘ ਗਾਖਲ ਦੀ ਸਮੁੱਚੀ ਟੀਮ ਨੇ ਇਸ ਕਬੱਡੀ ਕੱਪ ਨੂੰ ਸਫਲ ਬਣਾਉਣ ਲਈ ਸਾਰੇ ਵਰਗਾਂ ਦਾ ਸਹਿਯੋਗ ਲਿਆ ਤੇ ਮਹਿਮਾਨ ਨਿਵਾਜ਼ੀ ਨਾਲ ਸਾਰੇ ਕਬੱਡੀ ਖੇਡ ਪ੍ਰੇਮੀਆਂ ਦਾ ਦਿਲ ਜਿੱਤ ਲਿਆ। ਇਸ ਵਰਲਡ ਕਬੱਡੀ ਕੱਪ ਦੇ ਵਿਚ ਚੋਟੀ ਦੀਆਂ ਕਬੱਡੀ ਟੀਮਾਂ ਸੰਦੀਪ ਨੰਗਲ ਅੰਬੀਆਂ ਬੇਅ ਏਰੀਆ, ਨਾਰਥ ਅਮਰੀਕਾ ਚੜਦਾ ਪੰਜਾਬ ਸਪੋਰਟਸ ਕਲੱਬ, ਬਾਬਾ ਸੰਗ ਜੀ ਕਬੱਡੀ ਕਲੱਬ ਤੇ ਫਤਿਹ ਸਪੋਰਟਸ ਕਲੱਬ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਹਿੱਸਾ ਲਿਆ ਤੇ ਇਸ ਦੇ ਨਾਲ ਹੀ ਅੰਡਰ 21 ਸਾਲ ਵਰਗ ਦੀਆਂ ਕਬੱਡੀ ਟੀਮਾਂ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਤੇ ਰਾਜਾ ਸਵੀਟਸ ਵੱਲੋਂ ਸਾਰਾ ਦਿਨ ਜਲੇਬੀਆਂ, ਛੋਲੇ ਭਟੂਰੇ, ਮਠਿਆਈ ਤੇ ਸਾਰੀ ਵੇਖਣ ਵਾਲੇ ਦਰਸ਼ਕਾਂ ਲਈ ਮੁਫਤ ਲੰਗਰ ਦੀ ਪ੍ਰਬੰਧ ਕੀਤਾ ਗਿਆ ਤੇ ਇਸ ਕਬੱਡੀ ਕੱਪ ਤੋਂ ਇਕ ਦਿਨ ਪਹਿਲਾਂ ਕਬੱਡੀ ਖਿਡਾਰੀ ਸਵ ਸੰਦੀਪ ਨੰਗਲ ਅੰਬੀਆਂ ਦਾ ਜਨਮ ਦਿਨ ਵੀ ਮਨਾਇਆ ਗਿਆ ਤੇ ਉਸ ਦੇ ਪ੍ਰੀਵਾਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ। ਅੰਡਰ 21 ਸਾਲ ਵਰਗ ਦੇ



ਕਬੱਡੀ ਮੁਕਾਬਲਿਆਂ ਦੇ ਵਿਚੋਂ ਸ਼ਹੀਦ ਭਗਤ ਸਿੰਘ, ਊਧਮ ਸਿੰਘ ਸਪੋਰਟਸ ਕਲੱਬ ਨੇ ਵੈਸਟ ਕੋਸਟ ਅਕੈਡਮੀ ਫਰਿਜਨੋ ਨੂੰ 28-26 ਅੰਕਾਂ ਨਾਲ ਹਰਾ ਕੇ ਚੈਪੀਅਨ ਬਣਨ ਦਾ ਮਾਣ ਹਾਸਲ ਕੀਤਾ ਤੇ ਕਿੰਗਜ਼ ਸਪੋਰਟਸ ਕਲੱਬ ਸੈਕਰਾਮੈਂਟੋ ਨੇ ਮਨਜਿੰਦਰ ਸਪੋਰਟਸ ਕਲੱਬ ਮਨਟੀਕਾ ਨੂੰ 32-29 ਅੰਕਾਂ ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰਾਂ ਦੇ ਨਾਲ ਨਾਰਥ ਅਮਰੀਕਾ ਚੜਦਾ ਪੰਜਾਬ ਕਬੱਡੀ ਕਲੱਬ ਨੇ ਸ਼ਹੀਦ ਸੰਦੀਪ ਨੰਗਲ ਅੰਬੀਆਂ ਬੇਅ ਏਰੀਆ ਦੀ ਟੀਮ 47-46.5 ਅੰਕਾਂ ਨਾਲ ਹਰਾ ਕੇ ਅੱਧੇ ਅੰਕ ਨਾਲ ਜਿੱਤ ਹਾਸਲ ਕਰਕੇ ਚੈਪੀਅਨ ਬਣਨ ਦਾ ਮਾਣ ਹਾਸਲ ਕਰਕੇ ਵੱਡਾ ਉਲਟਫੇਰ ਕੀਤਾ। ਸਵ ਨਸੀਬ ਸਿੰਘ ਗਾਖਲ, ਸਵ ਮੇਜਰ ਸਿੰਘ ਬੈਂਸ ਤੇ ਸਵ ਪੂਰਨ ਸਿੰਘ ਦੀ ਨਿੱਘੀ ਤੇ ਮਿੱਠਾ ਯਾਦ ਨੂੰ ਸਮਰਪਿਤ 16ਵੇਂ ਵਰਲਡ ਕਬੱਡੀ ਕੱਪ ਦੇ ਪਹਿਲੇ ਇਨਾਮ ਨੂੰ ਸਪਾਂਸਰ ਡਾਇਮੰਡ ਟਰੱਕਿੰਗ ਨੇ ਕੀਤਾ, ਦੂਜਾ ਇਨਾਮ ਜੁਗਰਾਜ ਸਿੰਘ ਸਹੋਤਾ ਦੇ ਪ੍ਰੀਵਾਰ ਨੇ ਤੀਜਾ ਇਨਾਮ ਬੋਪਾਰਾਏ ਪ੍ਰੀਵਾਰ ਵੱਲੋਂ ਤੇ ਚੌਥਾ ਇਨਾਮ ਸਵ ਮਹਿੰਗਾ ਸਿੰਘ ਦੀ ਯਾਦ 'ਚ ਦਿੱਤਾ ਗਿਆ। ਇਸ ਕਬੱਡੀ ਕੱਪ ਦੇ ਡਾਇਮੰਡ ਸਪਾਂਸਰ ਇੰਦਰ ਦੋਸਾਂਝ, ਜਗਜੀਤ ਸਿੰਘ ਤੇ ਕੇ.ਐਸ ਨਾਗਰਾ, ਮੇਜਰ ਨੱਤ ਤੇ ਜੀਤਾ ਨੱਤ, ਜਸਵੰਤ ਦਾਸ ਗਿੱਲ ਤੇ ਕਸ਼ਮੀਰ ਸਿੰਘ ਧੂਤ ਸਨ। ਇਸ ਕਬੱਡੀ ਕੱਪ ਮੌਕੇ ਤੇ ਸਰਵਨ ਸਿੰਘ ਬੱਲ, ਸੁਰਿੰਦਰ ਸਿੰਘ ਅਠਵਾਲ ਤੇ ਦੁੱਲਾ ਸੁਰਖਪੁਰ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ ਤੇ ਕੁਲਵੰਤ ਲੱਛਰ, ਬਾਬਾ ਜੌਹਨ ਸਿੰਘ ਗਿੱਲ, ਬਲਜੀਤ ਸੰਧੂ, ਤੀਰਥ ਗਾਖਲ, ਮੇਜਰ ਗਾਖਲ, ਮਨੀ ਗਾਖਲ, ਵਿੱਕੀ ਤੇ ਤਾਰੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਕਬੱਡੀ ਕੱਪ ਨੂੰ ਸਫਲ ਬਣਾਉਣ ਦੇ ਲਈ ਇੰਦਰ ਦੋਸਾਂਝ, ਡਾ ਨਵਜੋਤ ਦਹੀਆ, ਮੈਨੀ ਗਰੇਵਾਲ, ਗੈਰੀ ਸਿੰਘ, ਸੁਰਜੀਤ ਟੁੱਟ, ਸੇਵਾ ਸਿੰਘ ਰੰਧਾਵਾ, ਜਸਪ੍ਰੀਤ ਸਿੰਘ ਅਟਾਰਨੀ, ਦੁੱਲਾ ਸੁਰਖਪੁਰ, ਡਾ ਹਰਚਰਨ ਗਿੱਲ, ਸੁਰਿੰਦਰ ਸਿੰਘ ਅਠਵਾਲ, ਹਰਪ੍ਰੀਤ ਸਿੰਘ ਬਾਬਾ, ਤਰਲੋਚਨ ਲੱਛਰ, ਮਾਇਕ ਬੋਪਾਰਾਏ, ਪਾਲ ਸਹੋਤਾ, ਲੱਖਾਗਾਜ਼ੀਪੁਰ, ਬੰਤ ਨਿੱਝਰ, ਸੁਰਿੰਦਰ ਨਿੱਝਰ, ਮੱਖਣ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ, ਪਲਵਿੰਦਰ ਗਾਖਲ, ਐਸ.ਅਸ਼ੋਕ ਭੌਰਾ, ਨਰਿੰਦਰ ਸਹੋਤਾ, ਸਾਧੂ ਸਿੰਘ ਖਲੌਰ, ਸਨਮ ਬੈਂਸ, ਬਲਵੀਰ ਭਾਟੀਆ, ਨੱਥਾ ਸਿੰਘ ਗਾਖਲ, ਮੱਖਣ ਧਾਰੀਵਾਲ, ਇੰਦਰਜੀਤ ਥਿੰਦ, ਬਖਤਾਵਰ ਗਾਖਲ, ਗੁਰਪ੍ਰੀਤ ਗਾਖਲ, ਰਵਿੰਦਰ ਸਿੰਘ, ਬਲਜਿੰਦਰ ਗਾਖਲ, ਹਰਜਿੰਦਰ ਸਿੰਘ ਲਿੱਧੜ, ਦਲਵਿੰਦਰ ਪੱਡਾ, ਅਮਨਦੀਪ ਸਿੰਘ, ਬਲਜਿੰਦਰ ਸਿੰਘ, ਕਿਰਨਦੀਪ ਸਿੰਘ, ਧੰਨਾ ਕੋਚ ਤੇ ਡਾ.ਜਤਿੰਦਰ ਸਾਬੀ ਨੇ ਵਿਸ਼ੇਸ਼ ਸਹਿਯੋਗ ਦਿੱਤਾ।





WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

Your Lawyers,
Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# 35 ਸਾਲਾ ਪਾਕਿਸਤਾਨੀ ਨੌਜਵਾਨ ਨੂੰ ਕੈਨੇਡਾ ਦੀ 70 ਸਾਲਾ 'ਦਾਦੀ' ਨਾਲ ਹੋਇਆ ਪਿਆਰ-ਕੀਤਾ ਵਿਆਹ

ਇਸਲਾਮਾਬਾਦ-ਇੱਕ ਖ਼ਬਰ ਸਾਹਮਣੇ ਆਈ ਹੈ ਕਿ ਇਕ 35 ਸਾਲਾ ਪਾਕਿਸਤਾਨੀ ਨੌਜਵਾਨ ਨੂੰ 70 ਸਾਲ ਦੀ ਕੈਨੇਡੀਅਨ ਦਾਦੀ ਨਾਲ ਪਿਆਰ ਹੋ ਗਿਆ। ਖਾਸ ਗੱਲ ਇਹ ਹੈ ਕਿ ਦੋਨਾਂ ਨੇ ਵਿਆਹ ਵੀ ਕਰ ਲਿਆ ਹੈ। ਮਤਲਬ ਪਾਕਿਸਤਾਨੀ ਲੜਕੇ ਨੇ ਆਪਣੀ ਉਮਰ ਤੋਂ ਦੁੱਗਣੀ ਔਰਤ ਨਾਲ ਵਿਆਹ ਕਰਵਾ ਲਿਆ। ਇਸ ਪਾਕਿਸਤਾਨੀ ਲਾੜੇ ਦਾ ਨਾਮ ਨਈਮ ਸ਼ਹਿਜ਼ਾਦ ਹੈ ਅਤੇ 70 ਸਾਲਾ ਕੈਨੇਡੀਅਨ ਔਰਤ ਦਾ ਨਾਮ ਮੈਰੀ ਹੈ। 35 ਸਾਲ ਦੇ ਨਈਮ ਸ਼ਹਿਜ਼ਾਦ ਨੇ ਆਪਣੀ ਉਮਰ ਤੋਂ ਦੁਗਣੀ ਉਮਰ ਦੀ ਔਰਤ ਭਾਵ 70 ਸਾਲ ਦੀ ਮੈਰੀ ਨਾਲ ਵਿਆਹ ਕੀਤਾ ਹੈ। ਮੈਰੀ ਕੈਨੇਡਾ ਦੀ ਰਹਿਣ ਵਾਲੀ ਹੈ ਅਤੇ ਦੋਨਾਂ ਵਿਚਾਲੇ ਫੇਸਬੁੱਕ 'ਤੇ ਅਫੇਅਰ ਸ਼ੁਰੂ ਹੋਇਆ ਸੀ। ਹਾਲਾਂਕਿ ਕੁਝ ਲੋਕਾਂ ਨੇ ਇਸ ਵਿਆਹ 'ਤੇ ਸਵਾਲ ਵੀ ਖੜ੍ਹੇ ਕੀਤੇ ਹਨ। ਕੁਝ ਲੋਕ ਨਈਮ ਦੇ ਇਸ ਕਦਮ ਨੂੰ ਵੀਜ਼ਾ ਮਿਲਣ ਨਾਲ ਜੋੜ ਰਹੇ ਹਨ। ਹਾਲਾਂਕਿ ਨਈਮ ਨੇ ਅਜਿਹੀਆਂ ਗੱਲਾਂ ਤੋਂ ਸਾਫ਼ ਇਨਕਾਰ ਕੀਤਾ ਹੈ। ਪਾਕਿਸਤਾਨ ਦੇ ਨਈਮ ਨੇ ਦੱਸਿਆ ਕਿ ਸਾਲ 2012 ਵਿਚ ਦੋਨਾਂ ਦੀ ਮੁਲਾਕਾਤ ਸੋਸ਼ਲ ਮੀਡੀਆ ਪਲੇਟਫਾਰਮ ਫੇਸਬੁੱਕ 'ਤੇ ਹੋਈ ਸੀ। 2015 ਵਿਚ ਮੈਰੀ ਨੇ ਨਈਮ ਨੂੰ ਪ੍ਰਪੋਜ਼ ਕੀਤਾ ਸੀ। ਇਸ ਤੋਂ ਬਾਅਦ ਦੋਨਾਂ ਨੇ ਅਗਸਤ 2017 ਵਿਚ ਵਿਆਹ ਕਰ ਲਿਆ। ਹਾਲਾਂਕਿ ਨਈਮ ਨੂੰ ਵੀਜ਼ਾ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਕਾਰਨ ਉਹ ਦੋਵੇਂ ਕੈਨੇਡਾ ਵਿਚ ਇਕੱਠੇ ਨਹੀਂ ਰਹਿ ਸਕੇ। ਮੈਰੀ ਨੇ ਹਾਲ ਹੀ ਵਿਚ ਪਹਿਲੀ ਵਾਰ ਪਾਕਿਸਤਾਨ ਦਾ ਦੌਰਾ ਕੀਤਾ ਅਤੇ 6 ਮਹੀਨੇ ਤੱਕ ਨਈਮ ਨਾਲ ਰਹਿਣ ਦੀ ਯੋਜਨਾ ਬਣਾਈ। ਜਦੋਂ ਨਈਮ ਮਰੀਅਮ ਨੂੰ ਮਿਲਿਆ ਤਾਂ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ। ਮੈਰੀ ਨੇ ਨਈਮ ਨੂੰ ਭਾਵਨਾਤਮਕ ਅਤੇ ਵਿੱਤੀ ਤੌਰ 'ਤੇ ਸਹਾਰਾ ਦਿੱਤਾ। ਨਈਮ ਮੁਤਾਬਕ ਮਰੀਅਮ ਕਾਫੀ ਜ਼ਿਆਦਾ ਹੈ ਅਤੇ ਬਹੁਤੀ ਅਮੀਰ ਨਹੀਂ ਹੈ। ਛੋਟੀ ਜਿਹੀ ਪੈਨਸ਼ਨ 'ਤੇ ਗੁਜ਼ਾਰਾ ਕਰਦਾ ਹੈ।





## ਪਾਣੀ ਤੇ ਜ਼ਿੰਦਗੀ

ਕੁਲਵੀਰ ਸਿੰਘ ਡਾਨਸੀਵਾਲ
778 863 2472

ਪਾਣੀ ਸਦਾ ਹੀ ਵਗਦੇ ਚੰਗੇ,
ਬੰਦਾ ਘੋੜਾ ਭੱਜਦੇ ਚੰਗੇ
ਘਰ ਵਿਚ ਰੋਟੀ ਪੱਕਦੀ ਚੰਗੀ,
ਚੁੱਲੇ ਸਦਾ ਹੀ ਮੱਘਦੇ ਚੰਗੇ

ਬੱਚਿਆਂ ਬਾਝੋਂ ਸੁੰਨੇ ਵਿਹੜੇ,
ਘਰਾਂ ਚ ਵਾਜੇ ਵੱਜਦੇ ਚੰਗੇ
ਚਾਰ ਦਿਨਾਂ ਦਾ ਮੇਲਾ ਇੱਥੇ,
ਮਿੱਤਰੋ ਮੇਲੇ ਲਗਦੇ ਚੰਗੇ

ਪਾਣੀ ਸਦਾ ਹੀ ਵਹਿੰਦੇ ਚੰਗੇ,
ਵਿਚ ਵੇਗ ਦੇ ਰਹਿੰਦੇ ਚੰਗੇ
ਘੁਣ ਵਾਂਗੂੰ ਇਹ ਖਾ ਜਾਂਦੇ ਨੇ,
ਕਰਜੇ ਸਦਾ ਹੀ ਲਹਿੰਦੇ ਚੰਗੇ

ਠੰਢੀਆਂ ਛਾਵਾਂ ਵਰਗੇ ਹੁੰਦੇ,
ਮਾਪੇ ਘਰਾਂ ਚ ਰਹਿੰਦੇ ਚੰਗੇ
ਦਿਨ ਰਾਤ ਨੇ ਦੋਵੇ ਵਧੀਆ,
ਸੂਰਜ ਚੜਦੇ ਲਹਿੰਦੇ ਚੰਗੇ

ਪਾਣੀ ਸਦਾ ਹੀ ਚਲਦੇ ਚੰਗੇ,
ਦੁੱਖ ਲੜਾਈ ਟਲਦੇ ਚੰਗੇ
ਜਿਸ ਘਰ ਦੇ ਵਿਚ ਹੋਣ ਸਿਆਣੇ,
ਉੱਥੇ ਬੱਚੇ ਪਲਦੇ ਚੰਗੇ

ਰੋਣਿਆਂ ਵਾਲੀ ਜਿੰਦਗੀ ਨਾਲੋਂ,
ਹਾਸੇ ਇੱਕ ਦੋ ਪਲ ਦੇ ਚੰਗੇ
ਜਿੱਥੇ ਮਿੱਤਰੋ ਕਦਰ ਨਾ ਹੋਵੇ,
ਉਸ ਜਗ੍ਹਾ ਤੋਂ ਚਲਦੇ ਚੰਗੇ

ਪਾਣੀ ਸਦਾ ਹੀ ਤੁਰਦੇ ਚੰਗੇ,
ਵਿਚ ਦਰਿਆਵਾਂ ਰੁੜ੍ਹਦੇ ਚੰਗੇ
ਹੱਡ ਰਗੜ ਕੇ ਮਰਨੇ ਨਾਲੋਂ,
ਤੰਦਰੁਸਤ ਹੀ ਤੁਰਦੇ ਚੰਗੇ

ਹੱਥ ਬੱਚਿਆਂ ਤੇ ਚੱਕਣੇ ਮਾੜੇ,
ਵਹੁਟੀ ਅੱਗੇ ਜੁੜਦੇ ਚੰਗੇ
ਡਾਨਸੀਵਾਲੀਆ ਖੰਡ ਦੇ ਨਾਲੋਂ,
ਚਾਹ ਗੋਗਲੇ ਗੁੜ ਦੇ ਚੰਗੇ

**Injured in an accident?**

**ICBC claim?**

**We can help.**

**Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.**

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



**For a fair settlement for your claim, call Mandeep Randhawa today.**

604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3

# ਰਾਜਿੰਦਰ ਸਿੰਘ ਪੰਧੇਰ ਦੀ ਪੁਸਤਕ 'ਮੈਨੂੰ ਸੈਕਲ ਵਾਲੀ ਬਹੂ ਨ੍ਹੀਂ ਚਾਹੀਦੀ' ਦਾ ਰਿਲੀਜ਼ ਸਮਾਰੋਹ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਰਾਜਿੰਦਰ ਸਿੰਘ ਪੰਧੇਰ ਦੀ ਪੁਸਤਕ 'ਮੈਨੂੰ ਸੈਕਲ ਵਾਲੀ ਬਹੂ ਨ੍ਹੀਂ ਚਾਹੀਦੀ' ਲੋਕ ਅਰਪਣ ਕਰਨ ਲਈ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਨਾਵਲਕਾਰ






ਜਰਨੈਲ ਸਿੰਘ ਸੇਖਾ, ਇੰਦਰਜੀਤ ਕੌਰ ਸਿੱਧੂ, ਰਾਜਿੰਦਰ ਸਿੰਘ ਪੰਧੇਰ ਅਤੇ ਕਿਰਪਾਲ ਸਿੰਘ ਪੰਧੇਰ ਨੇ ਕੀਤੀ। ਸਮਾਗਮ ਦਾ ਆਗਾਜ਼ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਉਨ੍ਹਾਂ ਮੰਚ ਦੇ ਉਦੇਸ਼ ਅਤੇ ਕਾਰਜ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਮੰਚ ਸੰਚਾਲਕ ਮੋਹਨ ਗਿੱਲ ਨੇ ਕਿਹਾ ਕਿ 'ਮੈਨੂੰ ਸੈਕਲ ਵਾਲੀ ਬਹੂ ਨ੍ਹੀਂ ਚਾਹੀਦੀ' ਪੁਸਤਕ ਵਿਚ ਵੱਖ ਵੱਖ ਵਿਸ਼ਿਆਂ ਉਪਰ ਛੋਟੇ ਛੋਟੇ ਲੇਖ ਹਨ ਅਤੇ ਇਨ੍ਹਾਂ ਲੇਖਾਂ ਨੂੰ ਉਦਾਹਰਣਾਂ ਅਤੇ ਕਹਾਣੀਆਂ ਨਾਲ ਰੌਚਿਕ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਹਰਚੰਦ ਸਿੰਘ ਬਾਗੜੀ ਨੇ ਰਾਜਿੰਦਰ ਸਿੰਘ ਪੰਧੇਰ ਦੀ ਸ਼ਖ਼ਸੀਅਤ ਬਾਰੇ ਸੰਖੇਪ ਵਿਚ ਗੱਲਬਾਤ ਕੀਤੀ ਅਤੇ ਕਿਹਾ ਕਿ ਇਸ ਪੁਸਤਕ ਵਿੱਚੋਂ ਰਾਜਿੰਦਰ ਸਿੰਘ ਪੰਧੇਰ ਦੀ ਸਵੈ-ਜੀਵਨੀ ਦੀ ਝਲਕ ਪੈਂਦੀ ਹੈ। ਇਹ ਪੁਸਤਕ ਨੌਜਵਾਨਾਂ ਅਤੇ ਵੱਡੀ ਉਮਰ ਦੇ ਪਾਠਕਾਂ ਲਈ ਪੜ੍ਹਨਯੋਗ ਹੈ। ਮਨਜੀਤ ਕੰਗ ਨੇ ਕਿਹਾ ਕਿ ਇਸ ਪੁਸਤਕ ਵਿਚ ਲੇਖਕ ਨੇ ਆਪਣੇ ਜੀਵਨ ਦੇ ਕੀਮਤੀ ਅਤੇ ਯਾਦਗਾਰੀ ਪਲਾਂ ਨੂੰ ਬਹੁਤ ਹੀ ਸਰਲ ਅਤੇ ਰੌਚਿਕ ਸ਼ਬਦਾਵਲੀ ਰਾਹੀ ਪਰੋਇਆ ਹੈ। ਇਸ ਵਿਚ ਸਾਡੇ ਸਮਾਜਿਕ ਸਰੋਕਾਰਾਂ ਅਤੇ ਵਿਸਰਦੇ ਜਾ ਰਹੇ ਅਹਿਸਾਸਾਂ ਨੂੰ ਮਾਣਨ ਅਤੇ ਮਹਿਸੂਸ ਕਰਨ ਦੀ ਬਹੁਤ ਹੀ ਸ਼ਲਾਘਾਯੋਗ ਕੋਸ਼ਿਸ਼ ਕੀਤੀ ਗਈ ਹੈ। ਡਾ. ਪਿਰਥੀਪਾਲ ਸਿੰਘ ਸੋਹੀ ਨੇ ਲੇਖਕ ਨਾਲ ਆਪਣੀ ਸਾਂਝ ਦਾ ਜ਼ਿਕਰ ਕੀਤਾ ਅਤੇ ਇਸ ਕਿਤਾਬ ਦੀ ਅਹਿਮੀਅਤ ਬਾਰੇ ਕਿਹਾ ਕਿ ਇਹ ਕਿਤਾਬ ਇਤਿਹਾਸਕ ਪੱਖ ਤੋਂ ਨੌਜਵਾਨਾਂ ਲਈ ਅਤੇ ਯਾਦਗਾਰੀ ਪੱਖ ਤੋਂ ਬਜ਼ੁਰਗਾਂ ਲਈ ਬਹੁਤ ਮਹੱਤਵਪੂਰਨ ਹੈ। ਇਸ ਵਿੱਚ 50 ਸਾਲ ਪਹਿਲਾਂ ਦੇ ਪੰਜਾਬ ਦਾ ਇਤਿਹਾਸ, ਸਭਿਆਚਾਰ, ਬੋਲੀ ਅਤੇ ਲੋਕਾਂ ਦਾ ਰਹਿਣ ਸਹਿਣ ਦੀ ਖ਼ੂਬਸੂਰਤ ਪੇਸ਼ਕਾਰੀ ਹੈ। ਪ੍ਰਿੰ. ਮਲੂਕ ਚੰਦ ਕਲੇਰ ਨੇ ਪੁਸਤਕ ਰਾਹੀਂ ਉੱਭਰ ਕੇ ਸਾਹਮਣੇ ਆਈਆਂ ਕਦਰਾਂ ਕੀਮਤਾਂ ਅਤੇ ਲੇਖਕ ਲਈ ਕਲਪਨਾ ਦੀ ਮਹੱਤਤਾ ਦੀ ਗੱਲ ਕੀਤੀ। ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਰਾਜਿੰਦਰ ਸਿੰਘ ਪੰਧੇਰ ਦੀ ਇਹ ਖ਼ੂਬੀ ਹੈ ਕਿ ਇਨ੍ਹਾਂ ਲੇਖਾਂ ਨੂੰ ਹਾਸ ਵਿਅੰਗ ਦੀ ਚਾਸ਼ਣੀ ਨਾਲ ਬਹੁਤ ਹੀ ਦਿਲਚਸਪ ਬਣਾਇਆ ਗਿਆ ਹੈ। ਪੁਸਤਕ ਲਈ ਇੰਦਰਜੀਤ ਕੌਰ ਸਿੱਧੂ, ਪ੍ਰੋ. ਗੁਰਨਾਮ ਸਿੰਘ ਸੰਘੇੜਾ ਅਤੇ ਹਰਮਨ ਪੰਧੇਰ ਨੇ ਰਾਜਿੰਦਰ ਸਿੰਘ ਪੰਧੇਰ ਨੂੰ ਇਸ ਪੁਸਤਕ ਲਈ ਵਧਾਈ ਦਿੱਤੀ। ਅੰਤ ਵਿਚ ਰਾਜਿੰਦਰ ਸਿੰਘ ਪੰਧੇਰ ਨੇ ਸਾਮਗਮ ਵਿਚ ਹਾਜਰ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।




mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786



# ਹੁਣ ਸਾਊਦੀ ਅਰਬ ਬਣਾ ਰਿਹਾ ਬੁਰਜ ਖਲੀਫਾ ਤੋਂ ਵੀ ਉੱਚੀ ਇਮਾਰਤ, ਨਾਮ ਹੈ 'ਜੇਦਾਹ ਟਾਵਰ'

ਸਾਊਦੀ ਅਰਬ-ਦੁਨੀਆਂ ਦਾ ਸਭ ਤੋਂ ਵੱਡਾ ਤੇਲ ਉਤਪਾਦਕ ਦੇਸ਼ ਸਾਊਦੀ ਅਰਬ ਆਉਣ ਵਾਲੇ ਸਮੇਂ ਵਿਚ ਤੇਲ 'ਤੇ ਆਪਣੀ ਨਿਰਭਰਤਾ ਘੱਟ ਕਰਕੇ ਟੂਰਿਜ਼ਮ ਇੰਡਸਟਰੀ ਨੂੰ ਬੜਾਵਾ ਦੇ ਰਿਹਾ ਹੈ। ਉਹ ਨਵੀਂ ਅਤੇ ਯੂਨਿਕ ਕੰਸਟ੍ਰਕਸ਼ਨ ਤੋਂ ਦੁਨੀਆਂ ਦੇ ਲੋਕਾਂ ਦਾ ਧਿਆਨ ਆਪਣੇ ਦੇਸ਼ ਵੱਲ ਖਿੱਚਣਾ ਚਾਹੁੰਦਾ ਹੈ। ਇਸੇ ਵਿਚਕਾਰ ਸਾਊਦੀ ਅਰਬ ਦੁਨੀਆਂ ਦੀ ਸਭ ਤੋਂ ਵੱਡੀ ਇਮਾਰਤ ਬਣ ਰਹੀ ਹੈ। ਇਹ ਬਿਲਡਿੰਗ ਹੁਣ ਦੀ ਸਭ ਤੋਂ ਵੱਡੀ ਬਿਲਡਿੰਗ ਬੁਰਜ ਖਲੀਫਾ ਤੋਂ ਵੀ ਜ਼ਿਆਦਾ ਉਚਾਈ ਵਾਲੀ ਹੋਵੇਗੀ। ਅੱਜ ਦੀ ਤਾਰੀਖ ਵਿੱਚ ਦੁਨੀਆਂ ਦੀ ਸਭ ਤੋਂ ਉੱਚੀ ਬਿਲਡਿੰਗ ਬੁਰਜ ਖਲੀਫਾ ਹੈ, ਜੋਕਿ ਯੂਨਾਈਟੇਡ ਅਰਬ ਅਮੀਰਾਤ 'ਯੂਏਈ' ਵਿੱਚ ਹੈ। ਇਸ ਨੂੰ ਸਖਤ ਟਕਰ ਦੇਣ ਲਈ ਸਾਊਦੀ ਅਰਬ ਜੇਦਾਹ ਟਾਵਰ ਬਣਾ ਰਿਹਾ ਹੈ। ਇਸ ਦਾ ਕੰਮ ਕੁਝ ਸਮੇਂ ਤੋਂ ਰੁਕਿਆ ਹੋਇਆ ਸੀ, ਪਰ ਹੁਣ ਇਸ ਦਾ ਕੰਮ ਸ਼ੁਰੂ ਹੋ ਗਿਆ ਹੈ। ਬਣਨ ਤੋਂ ਬਾਅਦ ਇਹ ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਹੋਵੇਗੀ। ਇਹ ਬੁਰਜ ਖਲੀਫਾ ਤੋਂ ਵੀ 172 ਮੀਟਰ ਉੱਚੀ ਹੋਵੇਗੀ। ਉਸ ਦੀ ਉਚਾਈ ਇੱਕ (1000 ਮੀਟਰ) ਕਿ.ਮੀ. ਹੋਵੇਗੀ। ਇਸ ਬਿਲਡਿੰਗ ਦਾ ਡਿਵਲਪਮੈਂਟ ਪਹਿਲਾਂ ਫੇਜ਼ ਵਿੱਚ 1.5 ਵਰਗ ਵਰਗ ਵਿੱਚ ਫੈਲਿਆ ਹੋਵੇਗਾ। ਇਸ ਪ੍ਰਾਜੈਕਟ ਨੂੰ ਜੇਦਾਹ ਇਕੋਨੌਮਿਕ ਸਿਟੀ ਦੇ ਡਿਵਲਪਮੈਂਟ ਦੇ ਕੇਂਦਰ ਬਿੰਦੂ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ। ਇਸ ਟਾਵਰ ਵਿੱਚ ਇੱਕ ਫੋਰ ਸੀਜਨ ਹੋਟਲ, ਦੁਨੀਆਂ ਦੀ ਸਭ ਤੋਂ ਵਧੀਆ ਸਪੇਸ, ਆਫਿਸ ਸਪੇਸ ਅਤੇ ਲਾਲ ਸਾਗਰ ਨੂੰ ਦੇਖਣ ਵਾਲੀ ਉੱਚੀ ਔਬਜ਼ਰਵੇਟਰੀ ਹੋਵੇਗੀ। ਮਿਡਿਲ ਈਸਟ ਬਿਜ਼ਨਸ ਇੰਟੇਲੀਜੈਂਸ ਦੀ 13 ਸਤੰਬਰ 2023 ਦੀ ਰਿਪੋਰਟ ਅਨੁਸਾਰ ਸਾਊਦੀ ਬਿਨਲਾਡਿਨ ਗਰੁੱਪ ਨੇ ਜਰਮਨੀ ਫਰਮਾਰੀ ਬਾਉਰ ਨਾਲ ਮਿਲ ਕੇ ਕੀਤਾ। ਇਸ ਟਾਵਰ ਦੀ ਨੀਂਵ ਅਤੇ ਪਾਈਲਿੰਗ ਦਾ ਕੰਮ 2010 ਦੀ ਸ਼ੁਰੂਆਤ ਵਿਚ ਹੋਇਆ।

# ਔਰਤਾਂ ਨੂੰ ਹਿਜਾਬ ਪਾਉਣ ਤੋਂ ਇਨਕਾਰ ਕਰਨਾ ਮਹਿੰਗਾ ਪਵੇਗਾ, ਹੋ ਸਕਦੀ ਹੈ ਸਜ਼ਾ

ਤਹਿਰਾਨ-ਈਰਾਨ ਵਿਚ ਔਰਤਾਂ ਹਿਜਾਬ ਪਹਿਨਣ ਦੀ ਜ਼ਰੂਰਤ ਦੇ ਖਿਲਾਫ ਲੰਬੇ ਸਮੇਂ ਤੋਂ ਸੰਘਰਸ਼ ਕਰ ਰਹੀਆਂ ਹਨ।ਹਿਜਾਬ ਨਾ ਪਹਿਨਣ ਦੀ ਆਪਣੀ ਮੰਗ ਨੂੰ ਪੂਰਾ ਕਰਨ ਲਈ ਵੱਡੀ ਗਿਣਤੀ ਵਿਚ ਈਰਾਨੀ ਔਰਤਾਂ ਸੜਕਾਂ 'ਤੇ ਉਤਰ ਆਈਆਂ ਅਤੇ ਵਿਸ਼ਾਲ ਪ੍ਰਦਰਸ਼ਨ ਕੀਤਾ।ਇਨ੍ਹਾਂ ਔਰਤਾਂ ਨੂੰ ਸਰਕਾਰੀ ਪ੍ਰਸ਼ਾਸਨ ਦੀਆਂ ਸਖ਼ਤ ਕਾਰਵਾਈਆਂ ਦਾ ਸਾਹਮਣਾ ਵੀ ਕਰਨਾ ਪਿਆ।ਧਰਨੇ ਦੌਰਾਨ ਕੀਤੀ ਗਈ ਸਖ਼ਤ ਕਾਰਵਾਈ ਕਾਰਨ ਮਹਿਸਾ ਨਾਂ ਦੀ ਔਰਤ ਦੀ ਵੀ ਹਿਰਾਸਤ ਵਿੱਚ ਮੌਤ ਹੋ ਗਈ। ਇਸ ਦੌਰਾਨ ਈਰਾਨ ਦੀ ਸੰਸਦ ਨੇ ਹਿਜਾਬ ਨੂੰ ਲੈ ਕੇ ਵੱਡਾ ਫੈਸਲਾ ਲੈਂਦਿਆਂ ਸਖਤ ਹਿਜਾਬ ਕਾਨੂੰਨ ਬਣਾਇਆ ਹੈ। ਈਰਾਨ ਦੀ ਸੰਸਦ ਨੇ ਬੁੱਧਵਾਰ ਨੂੰ ਇੱਕ ਬਿਲ ਨੂੰ ਮਨਜ਼ੂਰੀ ਦੇ ਦਿੱਤੀ ਹੈ ਜੋ ਜਨਤਕ ਤੌਰ 'ਤੇ ਲਾਜ਼ਮੀ ਇਸਲਾਮੀ ਹੈੱਡ ਸਕਾਰਫ਼ (ਹਿਜਾਬ) ਪਹਿਨਣ ਤੋਂ ਇਨਕਾਰ ਕਰਨ ਵਾਲੀਆਂ ਔਰਤਾਂ ਅਤੇ ਉਨ੍ਹਾਂ ਦਾ ਸਮਰਥਨ ਕਰਨ ਵਾਲੀਆਂ ਔਰਤਾਂ ਲਈ ਸਜ਼ਾ ਦੀ ਵਿਵਸਥਾ ਕਰਦਾ ਹੈ।ਇਹ ਕਦਮ 22 ਸਾਲਾ ਮਾਹਸਾ ਅਮੀਨੀ ਦੀ ਬਰਸੀ ਤੋਂ ਕੁਝ ਦਿਨ ਬਾਅਦ ਆਇਆ ਹੈ, ਜਿਸ ਨੂੰ ਹਿਜਾਬ ਦਾ ਵਿਰੋਧ ਕਰਨ ਲਈ ਪੁਲਸ ਦੁਆਰਾ ਹਿਰਾਸਤ ਵਿੱਚ ਲਿਆ ਗਿਆ ਸੀ।ਮਹਾਸਾ ਦੀ ਹਿਰਾਸਤੀ ਮੌਤ ਨੂੰ ਲੈ ਕੇ ਦੇਸ਼ ਵਿਚ ਕਈ ਮਹੀਨਿਆਂ ਤੋਂ ਵਿਰੋਧ ਪ੍ਰਦਰਸ਼ਨ ਹੋਏ ਸਨ। ਈਰਾਨ ਦੀ ਸੰਸਦ ਵਿੱਚ ਪਾਸ ਹੋਏ ਇਸ ਬਿੱਲ ਵਿੱਚ ਹਿਜਾਬ ਨਾ ਪਹਿਨਣ ਵਾਲੀਆਂ ਔਰਤਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੇ ਅਦਾਰਿਆਂ ਦੇ ਮਾਲਕਾਂ ਲਈ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ।ਜੇਕਰ ਅਪਰਾਧ ਸੰਗਠਿਤ ਤਰੀਕੇ ਨਾਲ ਕੀਤਾ ਜਾਂਦਾ ਹੈ, ਤਾਂ ਉਲੰਘਣਾ ਕਰਨ ਵਾਲਿਆਂ ਨੂੰ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।ਈਰਾਨ ਦੀ 290 ਸੀਟਾਂ ਵਾਲੀ ਸੰਸਦ 'ਚ ਇਸ ਬਿੱਲ ਨੂੰ 152 ਸੰਸਦ ਮੈਂਬਰਾਂ ਨੇ ਪਾਸ ਕੀਤਾ ਹੈ।ਇਸ ਨੂੰ 'ਗਾਰਡੀਅਨ ਕੌਂਸਲ' ਤੋਂ ਮਨਜ਼ੂਰੀ ਦੀ ਲੋੜ ਪਵੇਗੀ, ਜੋ ਸੰਵਿਧਾਨਕ ਨਿਗਰਾਨੀ ਵਜੋਂ ਕੰਮ ਕਰਦੀ ਹੈ।ਇਹ ਤਿੰਨ ਸਾਲਾਂ ਦੀ ਸ਼ੁਰੂਆਤੀ ਮਿਆਦ ਲਈ ਪ੍ਰਭਾਵੀ ਹੋਵੇਗਾ।



# ਪਾਕਿਸਤਾਨ ਵਿਚ ਅਗਲੇ ਸਾਲ ਜਨਵਰੀ ਦੇ ਆਖ਼ਰੀ ਹ.ਫਤੇ ਹੋਣਗੀਆਂ ਆਮ ਚੋਣਾਂ

ਲਾਹੌਰ-ਪਾਕਿਸਤਾਨ 'ਚ ਆਮ ਚੋਣਾਂ ਨੂੰ ਲੈ ਕੇ ਵੱਡੀ ਖਬਰ ਸਾਹਮਣੇ ਆ ਰਹੀ ਹੈ।ਚੋਣ ਕਮਿਸ਼ਨ ਪਾਕਿਸਤਾਨ ਨੇ ਐਲਾਨ ਕੀਤਾ ਹੈ ਕਿ ਆਮ ਚੋਣਾਂ ਜਨਵਰੀ, 2024 ਦੇ ਆਖਰੀ ਹਫਤੇ ਵਿੱਚ ਹੋਣਗੀਆਂ।ਚੋਣ ਕਮਿਸ਼ਨ ਨੇ ਕਿਹਾ ਕਿ ਹਲਕਿਆਂ ਦੀ ਹੱਦਬੰਦੀ ਦੇ ਕੰਮ ਦੀ ਸਮੀਖਿਆ ਕੀਤੀ ਗਈ ਅਤੇ ਫੈਸਲਾ ਲਿਆ ਗਿਆ ਕਿ ਹਲਕਿਆਂ ਦੀ ਹੱਦਬੰਦੀ ਲਈ ਮੁੱਢਲੀ ਸੂਚੀ 27 ਸਤੰਬਰ ਨੂੰ ਪ੍ਰਕਾਸ਼ਿਤ ਕੀਤੀ ਜਾਵੇਗੀ।ਇਤਰਾਜ਼ਾਂ ਅਤੇ ਸੁਝਾਵਾਂ ਨੂੰ ਸੁਣਨ ਤੋਂ ਬਾਅਦ ਅੰਤਿਮ ਸੂਚੀ 30 ਨਵੰਬਰ ਨੂੰ ਜਾਰੀ ਕੀਤੀ ਜਾਵੇਗੀ।54 ਦਿਨਾਂ ਦਾ ਚੋਣ ਪ੍ਰਚਾਰ ਪ੍ਰੋਗਰਾਮ ਪੂਰਾ ਹੋਣ ਤੋਂ ਬਾਅਦ ਜਨਵਰੀ ਦੇ ਅਖੀਰਲੇ ਹਫ਼ਤੇ ਚੋਣਾਂ ਕਰਵਾਈਆਂ ਜਾਣਗੀਆਂ। ਇਹ ਐਲਾਨ ਈਸੀਪੀ ਦੇ ਕਹਿਣ ਤੋਂ ਬਾਅਦ ਆਇਆ ਹੈ ਕਿ ਉਸਨੇ ਆਮ ਚੋਣਾਂ ਲਈ ਚੋਣ ਜ਼ਾਬਤੇ 'ਤੇ ਚਰਚਾ ਕਰਨ ਲਈ ਅਗਲੇ ਮਹੀਨੇ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗ ਤੈਅ ਕੀਤੀ ਹੈ।ਈਸੀਪੀ ਦੇ ਅਨੁਸਾਰ, ਨਿਯਮਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਚੋਣ ਜ਼ਾਬਤੇ ਦਾ ਖਰੜਾ ਸਿਆਸੀ ਪਾਰਟੀਆਂ ਨਾਲ ਉਨ੍ਹਾਂ ਦੀ ਫੀਡਬੈਕ ਲਈ ਸਾਂਝਾ ਕੀਤਾ ਗਿਆ ਸੀ। ਡਰਾਫਟ ਕੋਡ ਵਿੱਚ ਕਿਹਾ ਗਿਆ ਹੈ ਕਿ ਰਾਜਨੀਤਿਕ ਪਾਰਟੀਆਂ, ਚੋਣ ਲੜ ਰਹੇ ਉਮੀਦਵਾਰ ਅਤੇ ਚੋਣ ਏਜੰਟ ਪਾਕਿਸਤਾਨ ਦੀ ਵਿਚਾਰਧਾਰਾ ਜਾਂ ਪ੍ਰਭੂਸੱਤਾ, ਅਖੰਡਤਾ ਜਾਂ ਸੁਰੱਖਿਆ ਜਾਂ ਨੈਤਿਕਤਾ ਜਾਂ ਜਨਤਕ ਵਿਵਸਥਾ ਜਾਂ ਅਖੰਡਤਾ ਦੇ ਪ੍ਰਤੀ ਪੱਖਪਾਤੀ ਕਿਸੇ ਵੀ ਤਰ੍ਹਾਂ ਨਾਲ ਕਿਸੇ ਵੀ ਰਾਏ ਜਾਂ ਕੰਮ ਦਾ ਪ੍ਰਚਾਰ ਨਹੀਂ ਕਰਨਗੇ।






# ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ 23 , 24 ਸਤੰਬਰ ਨੂੰ

ਸਰੀ (ਹਰਦਮ ਮਾਨ)-ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼ ਵੱਲੋਂ ਅੰਤਰਰਾਸ਼ਟਰੀ ਸਿੱਖ ਖੋਜ ਕਾਨਫਰੰਸ 23 ਅਤੇ 24 ਸਤੰਬਰ 2023 ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਇਸ ਕਾਨਫਰੰਸ ਦੀ ਚੇਅਰ ਪਰਸਨ ਡਾ. ਕਮਲਜੀਤ ਕੌਰ ਸਿੱਧੂ ਅਤੇ ਯੋਜਨਾ ਕਮੇਟੀ ਦੇ ਮੁਖੀ ਅਮਨਪ੍ਰੀਤ ਸਿੰਘ ਹੁੰਦਲ ਨੇ ਦੱਸਿਆ ਹੈ ਕਿ ਗਿਆਨ, ਪ੍ਰੇਰਨਾ ਅਤੇ ਅਰਥਪੂਰਨ ਵਿਚਾਰ ਵਟਾਂਦਰੇ ਨਾਲ ਭਰਪੂਰ ਇਹ ਦੋ-ਦਿਨਾਂ ਹਾਈਬ੍ਰਿਡ ਕਾਨਫਰੰਸ ਵਿਅਕਤੀਗਤ ਅਤੇ ਔਨਲਾਈਨ ਹੋਵੇਗੀ। ਇਸ ਕਾਨਫਰੰਸ ਦਾ ਉਦੇਸ਼ ਸਿੱਖੀ ਦੇ ਵੱਖ-ਵੱਖ ਪਹਿਲੂਆਂ ਅਤੇ ਸੰਸਾਰ ਵਿੱਚ ਸਮਕਾਲੀ ਮੁੱਦਿਆਂ ਨਾਲ ਨਜਿੱਠਣ ਲਈ ਇਸ ਦੀ ਸਾਰਥਕਤਾ ਦੀ ਪੜਚੋਲ ਕਰਨ ਲਈ ਦੁਨੀਆ ਭਰ ਦੇ ਵਿਦਵਾਨਾਂ, ਮਾਹਿਰਾਂ ਅਤੇ ਭਾਗੀਦਾਰਾਂ ਨੂੰ ਇਕ ਮੰਚ ਪ੍ਰਦਾਨ ਕਰਨਾ ਹੈ। ਕਾਨਫਰੰਸ ਦੌਰਾਨ ਪ੍ਰੇਰਨਾਦਾਇਕ ਬੁਲਾਰਿਆਂ ਦੀ ਖੋਜ ਚਰਚਾ, ਸੂਝਵਾਨ ਪੇਸ਼ਕਾਰੀ ਅਤੇ ਇੰਟਰਐਕਟਿਵ ਗੋਲਮੇਜ਼ ਚਰਚਾ ਅਤੇ ਵਰਕਸ਼ਾਪਾਂ ਹੋਣਗੀਆਂ, ਨਵੇਂ ਦ੍ਰਿਸ਼ਟੀਕੋਣਾਂ ਦੀ ਖੋਜ ਅਤੇ ਭਵਿੱਖਮੁਖੀ ਸਹਿਯੋਗੀ ਯਤਨਾਂ ਲਈ ਬੇਅੰਤ ਮੌਕੇ ਖੁੱਲ੍ਹਣਗੇ। ਉਨ੍ਹਾਂ ਸਰੀ ਦੇ ਚਾਹਵਾਨ ਲੋਕਾਂ ਨੂੰ ਵਿਅਕਤੀਗਤ ਰੂਪ ਵਿੱਚ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਦਾਅਵਾ ਕੀਤਾ ਹੈ ਕਿ ਇਹ ਕਾਨਫਰੰਸ ਨੈੱਟਵਰਕਿੰਗ, ਅੰਤਰਰਾਸ਼ਟਰੀ ਭਾਈਵਾਲੀ ਬਣਾਉਣ ਅਤੇ ਸਰਹੱਦਾਂ ਤੋਂ ਪਾਰ ਸਥਾਈ ਦੋਸਤੀ ਬਣਾਉਣ ਲਈ ਇੱਕ ਵਿਲੱਖਣ ਪਲੇਟਫਾਰਮ ਪ੍ਰਦਾਨ ਕਰੇਗੀ।






# .ਗ਼ਜ਼ਲ ਮੰਚ ਸਰੀ ਵੱਲੋਂ ਪੰਜਾਬੀ ਸ਼ਾਇਰ ਸੰਤੋਖ ਮਿਨਹਾਸ ਨਾਲ ਸਾਹਿਤਕ ਮਿਲਣੀ

ਸਰੀ (ਹਰਦਮ ਮਾਨ)-.ਗਜ਼ਲ ਮੰਚ ਸਰੀ ਵੱਲੋਂ ਬੀਤੇ ਦਿਨੀਂ ਅਮਰੀਕਾ ਵਸਦੇ ਪੰਜਾਬੀ ਸ਼ਾਇਰ ਸੰਤੋਖ ਮਿਨਹਾਸ ਨਾਲ ਸਾਹਿਤਕ ਮਿਲਣੀ ਕੀਤੀ ਗਈ। ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਸੰਤੋਖ ਮਿਨਹਾਸ ਨੂੰ ਜੀ ਆਇਆਂ ਕਿਹਾ। ਹਰਦਮ ਸਿੰਘ ਮਾਨ ਨੇ ਸੰਤੋਖ ਮਿਨਹਾਸ ਨਾਲ ਲੰਮੇਂ ਸਮੇਂ ਤੋਂ ਚੱਲੀ ਆ ਰਹੀ ਦੋਸਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਤੋਖ ਮਿਨਹਾਸ ਮੂਲ ਰੂਪ ਵਿਚ ਕਵੀ ਹੈ, ਉਸ ਦੀਆਂ ਦੋ ਕਾਵਿ ਪੁਸਤਕਾਂ ('ਅੱਖਾਂ 'ਚ ਬਲਦੇ ਸੂਰਜ' ਅਤੇ 'ਫੁੱਲ, ਤਿਤਲੀ ਤੇ ਉਹ') ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਇਕ ਬਹੁਤ ਹੀ ਖ਼ੂਬਸੂਰਤ ਨਿਬੰਧਾਂ ਦੀ ਪੁਸਤਕ 'ਉਕਾਬ ਵਾਲਾ ਪਾਸਪੋਰਟ' ਛਪ ਚੁੱਕੀ ਹੈ। ਦੂਰਦਰਸ਼ਨ ਜਲੰਧਰ ਤੋਂ ਉਨ੍ਹਾਂ ਦਾ ਇਕ ਸੀਰੀਅਲ 'ਗੂੰਜ' ਵੀ 25 ਕਿਸ਼ਤਾਂ ਵਿਚ ਟੈਲੀਕਾਸਟ ਹੋਇਆ ਹੈ। ਉਹ ਸਾਹਿਤਕ ਮੈਗਜ਼ੀਨ 'ਜ਼ਫ਼ਰ' ਵੀ ਕੱਢਦੇ ਰਹੇ ਹਨ। ਸੰਤੋਖ ਮਿਨਹਾਸ ਨੇ ਆਪਣੇ ਵਿਦਿਅਕ ਜੀਵਨ, ਅਧਿਆਪਨ ਸੇਵਾ ਅਤੇ ਸਾਹਿਤਕ ਸਫ਼ਰ ਬਾਰੇ ਵਿਸਥਾਰ ਵਿਚ ਦੱਸਿਆ ਅਤੇ ਕੋਟਕਪੂਰਾ ਤੋਂ ਚੱਲ ਕੇ ਅਮਰੀਕਾ ਵਿਚ ਆਉਣ, ਸੈਟਲ ਹੋਣ ਅਤੇ ਰੇਡੀਓ ਹੋਸਟ ਬਣਨ ਦੀ ਗਾਥਾ ਸਾਂਝੀ ਕੀਤੀ। ਇਸ ਮੌਕੇ ਉਨ੍ਹਾਂ ਆਪਣੀਆਂ ਦੋ ਚਰਚਿਤ ਨਜ਼ਮਾਂ (ਅੱਜ ਦੀ ਮੀਰਾ, ਵਾਈਟ ਹਾਊਸ ਦਾ ਬਸ਼ਿੰਦਾ) ਸੁਣਾਈਆਂ। .ਗਜ਼ਲ ਮੰਚ ਦੇ ਪ੍ਰਧਾਨ ਅਤੇ ਨਾਮਵਰ ਸ਼ਾਇਰ ਜਸਵਿੰਦਰ ਨੇ ਸੰਤੋਖ ਮਿਨਹਾਸ ਨਾਲ ਆਪਣੀ ਪੁਰਾਣੀ ਸਾਂਝ ਬਾਰੇ ਦੱਸਿਆ ਅਤੇ .ਗਜ਼ਲ ਮੰਚ ਸਰੀ ਨਾਲ ਕੁਝ ਪਲ ਬਿਤਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਹਰਦਮ ਮਾਨ ਅਤੇ ਜਸਵਿੰਦਰ ਨੇ ਆਪਣੀਆਂ .ਗਜ਼ਲਾਂ ਰਾਹੀਂ ਸੰਤੋਖ ਮਿਨਹਾਸ ਨਾਲ ਸਾਂਝ ਪਾਈ। ਰਾਜਵੰਤ ਰਾਜ ਨੇ ਆਪਣਾ ਨਾਵਲ 'ਵਰੋਲੇ ਦੀ ਜੂਨ' ਅਤੇ ਦਵਿੰਦਰ ਗੌਤਮ ਨੇ ਆਪਣਾ .ਗਜ਼ਲ ਸੰਗ੍ਰਹਿ 'ਸੁਪਨੇ ਸੌਣ ਨਾ ਦਿੰਦੇ' ਸੰਤੋਖ ਮਿਨਹਾਸ ਨੂੰ ਭੇਂਟ ਕੀਤਾ।

# ਸਾਰੇ ਰਾਜਨੀਤਕ ਦਲ ਮਿਲ ਕੇ ਆਪਣੇ ਦੇਸ਼ ਦਾ ਨਾਮ 'ਭਾਰਤ' ਕਰਨ ਦੀ ਕੋਸ਼ਿਸ਼ ਕਰਨ-ਠਾਕੁਰ ਦਲੀਪ ਸਿੰਘ

ਸਰੀ (ਹਰਦਮ ਮਾਨ)-ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਸਾਰੇ ਰਾਜਨੀਤਕ ਦਲਾਂ ਨੂੰ, ਖਾਸ ਕਰਕੇ, ਭਾਜਪਾ-ਵਿਰੋਧੀ ਰਾਜਨੀਤਕ ਦਲਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦਿਆਂ ਕਿਹਾ ਕਿ "ਕਿਸੇ ਵੀ ਭਾਰਤੀ ਭਾਸ਼ਾ ਅਤੇ ਪੁਰਾਤਨ ਗ੍ਰੰਥਾਂ ਵਿੱਚ ਸਾਡੇ ਦੇਸ਼ ਦਾ ਨਾਮ 'ਇੰਡੀਆ' ਨਹੀਂ ਹੈ। ਪੁਰਾਤਨ ਭਾਰਤੀ ਸਾਹਿਤ ਜਿਵੇਂ ਰਿਗਵੇਦ, ਵਿਸ਼ਨੂੰ ਪੁਰਾਣ ਆਦਿ ਵੇਦਾਂ-ਪੁਰਾਣਾਂ ਵਿੱਚ ਅਤੇ ਭਾਰਤੀ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਮਲਿਆਲਮ, ਤਾਮਿਲ ਆਦਿ ਵਿੱਚ 'ਭਾਰਤ', 'ਭਾਰਤਮ' ਜਾਂ 'ਭਾਰਤਵਰਸ਼' ਆਦਿ ਥੋੜ੍ਹੇ-ਥੋੜ੍ਹੇ ਫਰਕ ਨਾਲ ਇਹੀ ਨਾਮ ਹਨ। ਉਨ੍ਹਾਂ ਰਾਜਨੀਤਕ ਦਲਾਂ ਨੂੰ ਕਿਹਾ ਕਿ ਭਾਰਤੀ ਹੋਣ ਦੇ ਨਾਤੇ 'ਭਾਰਤ' ਨਾਮ ਨੂੰ ਸਵੀਕਾਰ ਕਰੋ। ਭਾਜਪਾ ਵੱਲੋਂ ਸਾਡੇ ਦੇਸ਼ ਦਾ ਅਸਲੀ ਨਾਮ 'ਭਾਰਤ' ਸਥਾਪਿਤ ਕਰਨ ਲਈ ਜੋ ਯਤਨ ਕੀਤੇ ਜਾ ਰਹੇ ਹਨ, ਉਨ੍ਹਾਂ ਦਾ ਪੂਰਨ ਰੂਪ ਵਿੱਚ ਖੁੱਲ੍ਹ ਕੇ ਸਮਰਥਨ ਕਰੋ ਅਤੇ ਇਸ ਸ਼ੁਭ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਮੋਹਰੀ ਹੋ ਕੇ ਕਾਰਜ ਕਰੋ। ਸਾਰੇ ਰਾਜਨੀਤਕ ਦਲਾਂ ਨੂੰ ਸੰਬੋਧਨ ਕਰਦਿਆਂ ਨਾਮਧਾਰੀ ਮੁਖੀ ਨੇ ਕਿਹਾ ਕਿ ਜੇਕਰ ਤੁਸੀਂ 'ਭਾਰਤ' ਨਾਮ ਦਾ ਸਮਰਥਨ ਕਰੋਗੇ, ਤਾਂ ਇਸ ਨਾਲ ਤੁਹਾਡੀਆਂ ਵੋਟਾਂ ਨਹੀਂ ਘਟਣਗੀਆਂ, ਸਗੋਂ ਪਹਿਲਾਂ ਤੋਂ ਵੀ ਵੱਧ ਮਿਲਣਗੀਆਂ। ਅਜਿਹਾ ਕਰਨ ਨਾਲ ਤੁਹਾਡੇ I.N.D.I.A. ਗੱਠਜੋੜ ਉੱਤੇ ਵੀ ਕੋਈ ਅਸਰ ਨਹੀਂ ਪਵੇਗਾ ਬਲਕਿ ਲਾਭ ਹੀ ਹੋਵੇਗਾ ਕਿਉਂਕਿ ਲੋਕਾਂ ਦੇ ਮਨਾਂ ਵਿੱਚ 'ਇੰਡੀਆ' ਨਾਮ, ਜੋ ਸੈਂਕੜੇ ਸਾਲਾਂ ਤੋਂ ਬੈਠਿਆ ਹੋਇਆ ਹੈ; ਉਹ ਏਨੀ ਜਲਦੀ ਬਾਹਰ ਨਹੀਂ ਨਿਕਲੇਗਾ। ਤੁਸੀਂ ਜੋ '9.©.4.9.1.' ਗੱਠਜੋੜ ਬਣਾਇਆ ਹੈ ਉਸਦਾ ਲਾਭ ਲੈਂਦੇ ਰਹੋ। ਤੁਹਾਡੀ ਸਾਰੇ ਰਾਜਨੀਤਕ ਦਲਾਂ ਦੀ ਆਪਣੀ ਇੱਕ ਬਹੁਤ ਵੱਡੀ ਪਛਾਣ ਅਤੇ ਪ੍ਰਭਾਵ ਹੈ। ਭਾਜਪਾ ਵੱਲੋਂ ਦੇਸ਼ ਦੇ ਸੰਵਿਧਾਨ ਅਤੇ ਹਰ ਥਾਂ ਸਾਡੇ ਦੇਸ਼ ਦਾ ਨਾਂ ਬਦਲ ਕੇ 'ਭਾਰਤ' ਕਰਨ ਨਾਲ ਤੁਹਾਡੇ ਪ੍ਰਭਾਵ ਵਿੱਚ ਕੋਈ ਫਰਕ ਨਹੀਂ ਪਵੇਗਾ। ਪਰ ਜੇ ਤੁਸੀਂ 'ਭਾਰਤ' ਨਾਮ ਦਾ ਵਿਰੋਧ ਕਰਦੇ ਹੋ ਤਾਂ ਇਸ ਨਾਲ ਲੋਕ ਤੁਹਾਡੇ ਵਿਰੁੱਧ ਹੋ ਜਾਣਗੇ। ਲੋਕ ਸਮਝਣਗੇ ਕਿ "ਤੁਸੀਂ ਦੇਸ਼-ਪ੍ਰੇਮੀ ਨਹੀਂ; ਤੁਸੀਂ ਦੇਸ਼-ਵਿਰੋਧੀ ਹੋ ਕਿਉਂਕਿ, ਤੁਸੀਂ ਗੁਲਾਮੀ ਦਾ ਕਲੰਕ-ਚਿੰਨ 'ਇੰਡੀਆ' ਨਾਮ ਰੱਖਣਾ ਚਾਹੁੰਦੇ ਹੋ"। ਨਾਮਧਾਰੀ ਮੁਖੀ ਨੇ ਸਾਰੇ ਰਾਜਨੀਤਕ ਦਲਾਂ ਨੂੰ ਅਪੀਲ ਕਰਦਿਆਂ ਕਿਹਾ, "ਸਾਡੇ ਦੇਸ਼ ਦਾ ਪ੍ਰਾਚੀਨ, ਅਸਲੀ 'ਭਾਰਤ' ਨਾਮ ਸਦਾ ਲਈ ਸਥਾਪਿਤ ਅਤੇ ਪਰਪੱਕ ਕਰਨ ਦੇ ਸ਼ੁਭ ਕਾਰਜ ਨੂੰ ਸੰਪੰਨ ਕਰਨ ਲਈ ਪੂਰਨ ਰੂਪ ਵਿੱਚ ਭਾਜਪਾ ਦੀ ਸਹਾਇਤਾ ਕਰੋ। ਇਹ ਸ਼ੁਭ ਕਾਰਜ ਕਰਕੇ ਲੋਕਾਂ ਨੂੰ ਦੱਸੋ ਕਿ "ਅਸੀਂ ਚੰਗੇ ਕੰਮਾਂ ਵਿੱਚ ਮੋਹਰੀ ਹਾਂ ਅਤੇ ਭਾਜਪਾ ਵੱਲੋਂ ਦੇਸ਼-ਹਿੱਤ ਵਿੱਚ ਕੀਤੇ ਜਾ ਰਹੇ ਚੰਗੇ ਕੰਮਾਂ ਵਿੱਚ ਉਨ੍ਹਾਂ ਨਾਲ ਸਹਿਮਤ ਹਾਂ।" ਇਸ ਨਾਲ ਤੁਹਾਡੀ ਲੋਕਪ੍ਰਿਅਤਾ ਵਧੇਗੀ, ਘਟੇਗੀ ਨਹੀਂ। ਵੈਸੇ ਵੀ, ਤੁਸੀਂ ਆਪਣੇ ਗਠਜੋੜ ਨੂੰ ਜੋ 'I.N.D.I.A.' ਨਾਮ ਦਿੱਤਾ ਹੈ, ਉਸ ਦਾ ਅਰਥ 'ਭਾਰਤ' ਦੇਸ਼ ਤਾਂ ਹੈ ਹੀ ਨਹੀਂ। ਫਿਰ ਤੁਹਾਨੂੰ ਕਿਸ ਗੱਲ ਦੀ ਚਿੰਤਾ ਹੈ ? ਆਪਣੀ ਲੋਕਪ੍ਰਿਅਤਾ ਵਧਾਉਣ ਲਈ ਅਤੇ ਵੱਧ ਵੋਟਾਂ ਲੈਣ ਲਈ ਹਰ ਇੱਕ ਥਾਂ 'ਭਾਰਤ' ਨਾਮ ਨੂੰ ਸਥਾਪਿਤ ਕਰਨ ਅਤੇ ਹਰੇਕ ਥਾਂ ਤੋਂ 'ਇੰਡੀਆ' ਨਾਮ ਨੂੰ ਖਤਮ ਕਰਨ ਵਿੱਚ ਭਾਜਪਾ ਦਾ ਪੂਰਾ ਸਹਿਯੋਗ ਦਿਓ"।



B ITI H
C LU BIA

ਬੀ ਸੀ ਸਰਕਾਰ ਦੀਆਂ ਸੇਵਾਵਾਂ ਵਿੱਚ ਕਮੀਆਂ ਨੂੰ ਦੂਰ ਕਰਨ ਵਿੱਚ ਮਦਦ ਕਰੋ।

ਬੀ ਸੀ ਡੈਮੋਗਰਾਫਿਕ ਸਰਵੇ ਵਿੱਚ ਹਿੱਸਾ ਲਓ।

ਇਕੱਤਰ ਕੀਤੀ ਜਾਣਕਾਰੀ ਸਰਕਾਰੀ ਸੇਵਾਵਾਂ ਵਿੱਚ ਅਸਮਾਨਤਾਵਾਂ ਦੀ ਪਛਾਣ ਕਰਨ ਅਤੇ ਵਧੇਰੇ ਲੋਕਾਂ ਦੀ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ ਕਰਨ ਵਿੱਚ ਸਾਡੀ ਮਦਦ ਕਰੇਗੀ। ਇਸ ਵਿੱਚ ਹਿੱਸਾ ਲੈਣ ਲਈ ਸਾਨੂੰ ਸਾਰੇ ਪਿਛੋਕੜ ਵਾਲੇ ਲੋਕਾਂ ਦੀ ਲੋੜ ਹੈ।

ਪ੍ਰਣਾਲੀਗਤ ਨਸਲਵਾਦ ਨੂੰ ਹੱਲ ਕਰਨ ਅਤੇ ਬੀ.ਸੀ. ਨੂੰ ਵਧੇਰੇ ਨਿਰਪੱਖ ਅਤੇ ਸੰਮਿਲਿਤ ਬਣਾਉਣ ਵਿੱਚ ਮਦਦ ਕਰਨ ਲਈ ਆਪਣਾ ਯੋਗਦਾਨ ਪਾਓ।

BRITISH COLUMBIA | BCStats

ਬੀ ਸੀ ਡੈਮੋਗਰਾਫਿਕ ਸਰਵੇ ਵਿੱਚ ਹਿੱਸਾ ਲਓ:
antiracism.gov.bc.ca/BCDemographicSurvey
'ਤੇ ਜਾਓ ਜਾਂ QR ਕੋਡ ਸਕੈਨ ਕਰੋ।





# ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਡਾ. ਨਬੀਲਾ ਰਹਿਮਾਨ ਦਾ ਸਨਮਾਨ

## ਪੰਜਾਬ ਤੇ ਪੰਜਾਬੀ ਵਿਰੋਧੀ ਲਿਖਾਰੀਆਂ ਨੂੰ ਮੋੜਵਾਂ ਜਵਾਬ ਦੇਣ ਦਾ ਸਮਾਂ ਆ ਗਿਆ-ਡਾ. ਨਬੀਲਾ ਰਹਿਮਾਨ

ਸਰੀ (ਹਰਦਮ ਮਾਨ)-ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਪਾਕਿਸਤਾਨ ਦੀ ਨਾਮਵਰ ਅਦਬੀ ਸ਼ਖ਼ਸੀਅਤ ਅਤੇ ਯੂਨੀਵਰਸਿਟੀ ਆਫ ਝੰਗ ਦੀ ਵਾਈਸ ਚਾਂਸਲਰ ਡਾ. ਨਬੀਲਾ ਰਹਿਮਾਨ ਦੇ ਸਨਮਾਨ ਹਿਤ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਡਾ. ਨਬੀਲਾ ਰਹਿਮਾਨ ਦਾ ਸਵਾਗਤ ਕਰਦਿਆਂ ਸੋਸਾਇਟੀ ਦੇ ਮੀਡੀਆ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਦੱਸਿਆ ਕਿ ਡਾ. ਨਬੀਲਾ ਰਹਿਮਾਨ ਪਾਕਿਸਤਾਨ ਦੀ ਪਹਿਲੇ ਪੰਜਾਬੀ ਵਿਦਵਾਨ ਹਨ ਜੋ ਕਿਸੇ ਯੂਨੀਵਰਸਿਟੀ ਦੇ ਉਚੇਰੇ ਅਹੁਦੇ ਉੱਪਰ ਬਿਰਾਜਮਾਨ ਹੋਏ ਹਨ। ਵਾਈਸ ਚਾਂਸਲਰ ਬਣਨ ਤੋਂ ਪਹਿਲਾਂ ਇਹ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਇੰਸਟੀਚਿਊਟ ਆਫ ਪੰਜਾਬੀ ਐਂਡ ਕਲਚਰ ਦੇ ਡਾਇਰੈਕਟਰ ਰਹਿ ਚੁੱਕੇ ਹਨ।ਇਨ੍ਹਾਂ ਦਾ ਪਬਲੀਕੇਸ਼ਨ ਵਿਚ ਵੱਡਾ ਯੋਗਦਾਨ ਹੈ। ਦੇਸ਼ ਵਿਦੇਸ਼ ਵਿਚ ਅਨੇਕਾਂ ਸੈਮੀਨਾਰਾਂ, ਕਾਨਫਰੰਸਾਂ ਵਿਚ ਹਿੱਸਾ ਲੈ ਚੁੱਕੇ ਹਨ ਅਤੇ ਵੱਡੀ ਗਿਣਤੀ ਵਿਚ ਮਾਣ ਸਨਮਾਨ ਇਨ੍ਹਾਂ ਦੀ ਝੋਲੀ ਪਏ ਹਨ। ਇਹ ਪੰਜਾਬੀ, ਹਿੰਦੀ, ਸਿੰਧੀ, ਪਰਸੀਅਨ, ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਰੱਖਦੇ ਹਨ। ਇਨ੍ਹਾਂ ਦੀ ਨਿਗਰਾਨੀ ਹੇਠ ਬਹੁਤ ਸਾਰੇ ਵਿਦਿਆਰਥੀਆਂ ਨੂੰ ਐਮ.ਫਿਲ, ਪੀਐਚਡੀ ਕਰਨ ਦਾ ਫ਼ਖ਼ਰ ਹਾਸਲ ਹੋਇਆ ਹੈ। ਨਾਮਵਰ ਸਿੱਖ ਚਿੰਤਕ ਜੈਤੇਗ ਸਿੰਘ ਅਨੰਤ ਨੇ ਡਾ. ਨਬੀਲਾ ਰਹਿਮਾਨ ਨਾਲ ਆਪਣੇ ਕਈ ਸਾਲਾਂ ਦੇ ਰਿਸ਼ਤੇ ਦੀ ਗੱਲ ਕਰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਲਾਹੌਰ ਵਿਚ ਗੁਰੂ ਨਾਨਕ ਚੇਅਰ ਸਥਾਪਿਤ ਕਰਨ ਵਿਚ ਇਨ੍ਹਾਂ ਦਾ ਵੱਡਾ ਯੋਗਦਾਨ ਹੈ। ਇਨ੍ਹਾਂ ਵੱਲੋਂ 2019 ਅਤੇ 2020 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ



ਵਿਚ ਗੁਰੂ ਨਾਨਕ ਦੇਵ ਜੀ ਉੱਪਰ ਦੋ ਵੱਡੇ ਸੈਮੀਨਾਰ ਕਰਵਾਏ ਗਏ ਹਨ। ਇਨ੍ਹਾਂ ਨੇ ਗੁਰਮੁਖੀ ਲਿਪੀ ਦੀਆਂ ਕਈ ਪੁਸਤਕਾਂ ਸ਼ਾਹਮੁਖੀ ਵਿਚ ਲਿਪੀਅੰਤਰ ਕਰਨ ਦਾ ਸ਼ਲਾਘਾਯੋਗ ਕਾਰਜ ਕੀਤਾ ਹੈ, ਜਿਨ੍ਹਾਂ ਵਿਚ ਜੱਸਾ ਸਿੰਘ ਰਾਮਗੜ੍ਹੀਆ ਕਿਤਾਬ ਦਾ ਸ਼ਾਹਮੁਖੀ ਵਿਚ ਪ੍ਰਕਾਸ਼ਨ ਵੀ ਸ਼ਾਮਲ ਹੈ। ਇਹ ਲਹਿੰਦੇ ਪੰਜਾਬ ਵਿਚ ਪੰਜਾਬੀ ਅਦਬ ਦੀ ਬਲੁੰਦ ਆਵਾਜ਼ ਹਨ ਅਤੇ ਸਾਡੇ ਰੌਸ਼ਨ ਮੀਨਾਰ ਹਨ। ਡਾ. ਨਬੀਲਾ ਰਹਿਮਾਨ ਪੰਜਾਬੀ, ਹਿੰਦੀ, ਉਰਦੂ, ਫਾਰਸੀ, ਸਿੰਧੀ ਦੇ ਵੱਡੇ ਗਿਆਤਾ ਹਨ ਅਤੇ ਇਨ੍ਹਾਂ ਨੂੰ ਦੁਨੀਆਂ ਭਰ ਵਿਚ 50 ਦੇ ਕਰੀਬ ਵੱਡੇ ਸਨਮਾਨ ਮਿਲ ਚੁੱਕੇ ਹਨ। ਡਾ. ਨਬੀਲਾ ਰਹਿਮਾਨ ਨੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਅਤੇ ਜੈਤੇਗ ਸਿੰਘ ਅਨੰਤ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਸ ਪਰਵਦਗਾਰ ਦੀ ਰਹਿਮਤ ਸਦਕਾ ਵੱਖ ਵੱਖ ਵਿਦਵਾਨਾਂ, ਸਾਹਿਤਕਾਰਾਂ ਦੇ ਕਾਰਜ ਨੂੰ ਸ਼ਾਹਮੁਖੀ ਰਾਹੀਂ ਪ੍ਰਚਾਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਜੈਤੇਗ ਸਿੰਘ ਅਨੰਤ ਵੱਲੋਂ ਲਹਿੰਦੇ ਪੰਜਾਬ ਵਿਚ ਪੰਜਾਬੀ ਬੋਲੀ ਅਤੇ ਸਾਹਿਤ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਪਾਕਿਸਤਾਨ ਵਿਚ ਪੰਜਾਬੀ ਅਤੇ ਪੰਜਾਬੀਆਂ ਦੀ ਹਾਲਤ ਬਿਆਨ ਕਰਦਿਆਂ ਉਨ੍ਹਾਂ ਕਿਹਾ ਕਿ ਸਾਡੇ ਬਾਰੇ ਕਿਹਾ ਜਾਂਦਾ ਹੈ ਕਿ ਪੰਜਾਬੀ ਹਮਲਾਵਰਾਂ ਜਾਂ ਧਾੜਵੀਆਂ ਨੂੰ ਜੀ ਆਇਆਂ ਆਖਦੇ ਹਨ, ਪੰਜਾਬੀ ਗ਼ੈਰਤਮੰਦ ਕੌਮ ਨਹੀਂ, ਪੰਜਾਬੀ ਜ਼ਬਾਨ ਗਾਲਾਂ ਦੀ ਜ਼ਬਾਨ ਹੈ। ਅਜਿਹੇ ਮਿਹਣੇ ਅਸੀਂ ਪਿਛਲੀ ਪੌਣੀ ਸਦੀ ਤੋਂ ਸੁਣਦੇ ਅਤੇ ਸਹਿਣ ਕਰਦੇ ਆ ਰਹੇ ਹਾਂ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਤਵਾਰੀਖ ਦੇ ਇਕ ਪਾਸੇ ਇਹ ਦਰਸਾਇਆ ਜਾਂਦਾ ਹੈ ਕਿ ਪੰਜਾਬੀ ਬੜੀ ਬਹਾਦਰ ਕੌਮ ਹੈ ਪਰ ਦੂਜੇ ਪਾਸੇ ਪੰਜਾਬੀਆਂ ਦੀ ਗ਼ੈਰਤ ਨੂੰ ਸਵਾਲੀਆ ਨਿਸ਼ਾਨ ਬਣਾ ਦਿੱਤਾ ਜਾਂਦਾ ਹੈ। ਤਵਾਰੀਖ ਦੇ ਦੋਹਰੇ ਮਿਆਰਾਂ ਕਾਰਨ ਪੰਜਾਬੀ ਇਕ ਜ਼ਿਹਨੀ ਉਲਝਣ ਦਾ ਸ਼ਿਕਾਰ ਹਨ। ਉਨ੍ਹਾਂ ਨਾਲ ਹੀ ਇਹ ਵੀ ਕਿਹਾ ਕਿ ਹੁਣ ਇਨ੍ਹਾਂ ਦੋਹਰੇ ਮਿਆਰਾਂ ਵਿੱਚੋਂ ਅਸੀਂ ਆਪ ਨਿਕਲਣਾ ਹੈ ਅਤੇ ਆਪਣੀ ਤਵਾਰੀਖ਼ ਦੀ ਭਾਲ ਆਪ ਕਰਕੇ, ਬੇਹੂਦਾ ਅਤੇ ਬੇਤੁਕੇ ਇਲਜ਼ਾਮ ਲਾ ਕੇ ਆਪਣੀ ਛੋਟੀ ਸੋਚ ਦਾ ਮੁਜ਼ਾਹਰਾ ਕਈ ਦਹਾਕਿਆਂ ਤੋਂ ਕਰਦੇ ਆ ਰਹੇ ਪੰਜਾਬ ਤੇ ਪੰਜਾਬੀ ਵਿਰੋਧੀ ਲਿਖਾਰੀਆਂ ਨੂੰ ਮੋੜਵਾਂ ਜਵਾਬ ਦੇਣਾ ਹੈ। ਡਾ. ਨਬੀਲਾ ਰਹਿਮਾਨ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਪ੍ਰੋ. ਪਿਰਥੀਪਾਲ ਸਿੰਘ ਕਪੂਰ ਮੁਬਾਰਕਬਾਦ ਦੇ ਪਾਤਰ ਹਨ ਕਿ ਉਨ੍ਹਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜਿਹੇ ਬਹਾਦਰ ਯੋਧੇ ਦੀ ਜੀਵਨ ਗਾਥਾ ਨੂੰ ਬੜੇ ਵਿਸਥਾਰ ਨਾਲ ਆਪਣੀ ਕਿਤਾਬ ਵਿਚ ਬਿਆਨ ਕੀਤਾ ਹੈ। ਇਸ ਕਿਤਾਬ ਤੋਂ ਉਨ੍ਹਾਂ ਦੇ ਖਾਨਦਾਨ ਦੀ ਬਹਾਦਰਾਨਾ ਅਤੇ ਅਮੀਰ ਵਿਰਾਸਤ ਦਾ ਪਤਾ ਲੱਗਦਾ ਹੈ। ਇਸ ਮੌਕੇ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਡਾ. ਨਬੀਲਾ ਰਹਿਮਾਨ ਨੂੰ ਪਲੇਕ ਅਤੇ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ। ਅੰਤ ਵਿਚ ਸੋਸਾਇਟੀ ਦੇ ਪ੍ਰਧਾਨ ਧਰਮ ਸਿੰਘ ਪਨੇਸਰ ਨੇ ਡਾ. ਨਬੀਲਾ ਰਹਿਮਾਨ, ਜੈਤੇਗ ਸਿੰਘ ਅਨੰਤ, ਸੁਰਿੰਦਰ ਸਿੰਘ ਜੱਬਲ ਅਤੇ ਸਮਾਗਮ ਵਿਚ ਹਾਜਰ ਸਾਰੀ ਸੰਗਤ ਦਾ ਧੰਨਵਾਦ ਕੀਤਾ।

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL
Superior Mortgage
Unit 244-8138-128 Street, Surrey
604 507 1000
Our Symbol of Care & Service



ROHITA PANNU LAW CORPORATION




BARRISTER & SOLICITOR SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW
Ph: 604.589.1399
Fax : 604.589.1556
www.rohitapannulaw.com
# 102-9278, 120th St., Surrey, BC V3V 4W8



# ਮਾਨਸਿਕ ਪੀੜਾ ਦਾ ਕਾਰਨ ਹੈ ਆਤਮ-ਹੱਤਿਆ

ਮਾਨਸਿਕ ਨਿਰਾਸ਼ਾ ਅਤੇ ਆਸ ਦਾ ਛੱਡਣਾ ਆਤਮ-ਹੱਤਿਆ ਬਾਰੇ ਸੋਚਣ ਦੇ ਕਾਰਨ ਬਣਦੇ ਹਨ। ਕਦੇ ਕਦੇ ਇਹ ਵਿਚਾਰ ਆਉਣੇ ਕੋਈ ਸਮੱਸਿਆ ਨਹੀਂ ਹੈ, ਪਰ ਜੇਕਰ ਕੋਈ ਆਤਮ-ਹੱਤਿਆ ਕਰਨ ਦੀ ਪੂਰੀ ਯੋਜਨਾ ਬਣਾ ਲਵੇ, ਤਾਂ ਇਹ ਇੱਕ ਬਹੁਤ ਗੰਭੀਰ ਸਮੱਸਿਆ ਬਣ ਜਾਂਦੀ ਹੈ। ਆਤਮਹੱਤਿਆ। ਰੋਕਿਆ ਜਾ ਸਕਦਾ ਹੈ, ਜੇਕਰ ਇਸਦੇ ਕਾਰਨਾਂ ਬਾਰੇ ਸ਼ੁਰੂ ਤੋਂ ਹੀ ਸੁਚੇਤ ਰਿਹਾ ਜਾਵੇ ।

ਆਤਮ-ਹੱਤਿਆ ਕਰਨ ਦਾ ਖ਼ਤਰਾ ਕਿਨ੍ਹਾਂ ਨੂੰ ਜ਼ਿਆਦਾ ਹੁੰਦਾ ਹੈ ?

1. 80% ਲੋਕ ਜੋ ਆਤਮ-ਹੱਤਿਆ ਕਰਦੇ ਹਨ, ਉਹ ਆਤਮ-ਹੱਤਿਆ ਕਰਨ ਤੋਂ ਪਹਿਲਾਂ ਆਪਣੇ ਇਰਾਦੇ ਕਿਸੇ ਨਾ ਕਿਸੇ। ਜ਼ਰੂਰ ਦੱਸਦੇ ਹਨ।
2. ਹਰ ਸਮੇਂ ਮੌਤ ਬਾਬਤ ਸੋਚਦੇ ਰਹਿਣਾ।
3. ਪਹਿਲਾਂ ਵੀ ਆਤਮ-ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਹੋਵੇ।
4. ਇਕੱਲੇ ਰਹਿਣਾ।

### ਰੋਕਥਾਮ/ਬਚਾਅ

1. ਆਤਮ-ਹੱਤਿਆ ਕਰਨ ਦੀ ਯੋਜਨਾ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕਰੋ।
2. ਹਰ ਸਮੇਂ ਕਿਸੇ ਭਰੋਸੇਯੋਗ ਵਿਅਕਤੀ। ਇਸ ਵਿਅਕਤੀ ਦੇ ਨਾਲ ਰੱਖੋ।
3. ਇਸ ਵਿਅਕਤੀ ਦੇ ਨਾਲ ਬਹਿਸ ਨਾ ਕਰੋ ਅਤੇ ਨਾ ਹੀ ਕਿਸੇ ਤਰ੍ਹਾਂ ਦੇ ਭਾਸ਼ਣ ਦਿਓ।
4. ਮੱਦਦ ਮੁਹੱਈਆ ਕਰਾਓ ਅਤੇ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਰੋ।
5. ਕੋਈ ਵੀ ਜ਼ਹਿਰੀਲੀ ਵਸਤੂ ਉਸਦੀ ਪਹੁੰਚ ਵਿੱਚ ਨਾ ਹੋਵੇ।
6. ਇਕੱਲੇਪਣ ਤੋਂ ਬਚੋ।
7. ਜ਼ਿੰਦਗੀ ਦੇ ਵੱਡੇ ਉਦੇਸ਼ਾਂ ਵੱਲ ਵੇਖੋ। ਅਧਿਆਤਮਿਕ ਬਣੋ।

### ਡਾਕਟਰ ਨੂੰ ਕਦੋਂ ਦਿਖਾਈਏ :

1. ਜੇ ਤੁਸੀਂ ਆਤਮ-ਹੱਤਿਆ ਕਰਨ ਬਾਰੇ ਸੋਚਣ ਲੱਗ ਜਾਓ।
2. ਜੇਕਰ ਨਿਰਾਸ਼ਾ ਬਹੁਤ ਗੰਭੀਰ ਹੁੰਦੀ ਜਾ ਰਹੀ ਹੋਵੇ।

# ਸਿਹਤ ਲਈ ਚੰਗੀ ਹੈ ਗ੍ਰੀਨ-ਟੀ



ਗ੍ਰੀਨ-ਟੀ ਦੀ ਵਰਤੋਂ ਜਿਥੇ ਸਿਹਤ ਲਈ ਚੰਗੀ ਹੈ, ਉਥੇ ਜ਼ਿਆਦਾ ਗ੍ਰੀਨ ਟੀ ਦੀ ਵਰਤੋਂ ਸਿਹਤ ਨੂੰ ਨੁਕਸਾਨ ਵੀ ਪਹੁੰਚਾਉਂਦੀ ਹੈ। ਜੇਕਰ ਦੁੱਧ ਅਤੇ ਚੀਨੀ ਤੋਂ ਬਿਨਾਂ ਗ੍ਰੀਨ ਟੀ ਦੀ ਵਰਤੋਂ ਕੀਤੀ ਜਾਵੇ ਤਾਂ ਸਿਹਤ ਲਈ ਬਹੁਤ ਗੁਣਕਾਰੀ ਹੁੰਦੀ ਹੈ। ਗ੍ਰੀਨ-ਟੀ ਵਿਚ ਐਂਟੀ ਆਕਸੀਡੈਂਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ। ਗ੍ਰੀਨ-ਟੀ ਬਣਾਉਣ ਦਾ ਤਰੀਕਾ : ਗ੍ਰੀਨ-ਟੀ ਬਣਾਉਣ ਲਈ 1 ਵੱਡਾ ਮੱਘ ਪਾਣੀ ਉਬਾਲ ਆਉਣ ਤੱਕ ਉਬਾਲੋ ਜਾਂ ਤੇਜ਼ ਗਰਮ ਕਰ ਕੇ ਗੈਸ ਬੰਦ ਕਰ ਦਿਓ। ਕੱਪ ਵਿਚ ਗ੍ਰੀਨ-ਟੀ ਦਾ ਸੈਸ਼ੇ ਰੱਖੋ ਅਤੇ ਸਿਪ ਸਿਪ ਕਰਕੇ ਗਰਮ-ਗਰਮ ਪੀ ਲਓ। ਜੇਕਰ ਤੁਹਾਡੇ ਕੋਲ ਖੁੱਲ੍ਹੀ ਚਾਹ ਹੈ ਤਾਂ ਇਕ ਮੱਘ ਪਾਣੀ ਉਬਾਲ ਕੇ ਗੈਸ ਬੰਦ ਕਰ ਦਿਓ। ਅੱਧਾ ਚਮਚ ਚਾਹ ਦੀ ਪੱਤੀ ਉਸ ਭਾਂਡੇ ਵਿਚ ਪਾ ਕੇ 5 ਤੋਂ 7 ਮਿੰਟ ਲਈ ਰੱਖ ਦਿਓ। ਫਿਰ ਛਾਣ ਕੇ ਪੀ ਲਓ। ਜ਼ਿਆਦਾ ਗਰਮ ਚਾਹ ਨਾ ਪੀਓ। ਥੋੜ੍ਹੀ ਠੰਢੀ ਕਰ ਕੇ ਪੀਓ। ਜ਼ਿਆਦਾ ਗਰਮ ਚਾਹ ਪੀਣ ਨਾਲ ਗਲਾ ਪ੍ਰਭਾਵਿਤ ਹੁੰਦਾ ਹੈ ਅਤੇ ਹਾਜ਼ਮਾਂ ਤੰਤਰ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਦੁੱਧ ਅਤੇ ਚੀਨੀ ਵਾਲੀ ਚਾਹ ਪੀਣ ਨਾਲ ਗ੍ਰੀਨ-ਟੀ ਦਾ ਲਾਭ ਕਾਫ਼ੀ ਘੱਟ ਹੋ ਜਾਂਦਾ ਹੈ।

### ਗ੍ਰੀਨ-ਟੀ ਦੇ ਲਾਭ

ਗ੍ਰੀਨ-ਟੀ ਦੀ ਵਰਤੋਂ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਦੀ ਹੈ ਜਿਸ ਨਾਲ ਅਸੀਂ ਕਈ ਬਿਮਾਰੀਆਂ ਤੋਂ ਬਚੇ ਰਹਿ ਸਕਦੇ ਹਾਂ। ਗ੍ਰੀਨ-ਟੀ ਵਿਚ ਐਂਟੀ ਆਕਸੀਡੈਂਟ ਦੀ ਮਾਤਰਾ ਜ਼ਿਆਦਾ ਹੋਣ ਨਾਲ ਵਧਦੀ ਉਮਰ ਵਿਚ ਸਰੀਰ ਦੇ ਸੈੱਲਾਂ ਨੂੰ ਹੋਣ ਵਾਲੇ ਨੁਕਸਾਨ ਘੱਟ ਹੁੰਦੇ ਹਨ। ਐਂਟੀ ਬੈਕਟੀਰੀਅਲ ਗੁਣ ਪਾਏ ਜਾਣ ਕਾਰਨ ਇੰਨਫੈਕਸ਼ਨ ਦਾ ਖ਼ਤਰਾ ਘੱਟ ਹੁੰਦਾ ਹੈ। ਵਧੇ ਹੋਏ ਪੇਟ ਨੂੰ ਘਟਾਉਣ ਲਈ ਰੋਜ਼ ਸਵੇਰੇ ਖਾਲੀ ਪੇਟ ਇਕ ਕੱਪ ਗ੍ਰੀਨ ਟੀ ਵਿਚ ਨਿੰਬੂ ਤੇ ਸ਼ਹਿਦ ਮਿਲਾ ਕੇ ਉੱਪਰ ਥੋੜ੍ਹਾ ਮੈਥੀ ਪਾਊਡਰ ਪਾਓ। ਗ੍ਰੀਨ-ਟੀ ਦੀ ਵਰਤੋਂ ਨਾਲ ਪ੍ਰੋਸਟੇਟ ਕੈਂਸਰ ਅਤੇ ਛਾਤੀ ਦੇ ਕੈਂਸਰ ਤੋਂ ਬਚਾਅ ਵਿਚ ਮਦਦ ਮਿਲਦੀ ਹੈ। ਸਿਰ ਦਰਦ ਵਿਚ ਗ੍ਰੀਨ-ਟੀ ਜ਼ਿਆਦਾ ਲਾਭਕਾਰੀ ਹੁੰਦੀ ਹੈ। ਇਸ ਵਿਚ ਮੌਜੂਦ ਐਂਟੀ ਆਕਸੀਡੈਂਟਸ ਦਰਦ ਨੂੰ ਘੱਟ ਕਰਦੇ ਹਨ। ਸਰੀਰ ਦੇ ਕਿਸੇ ਹਿੱਸੇ ਵਿਚ ਦਰਦ ਹੋਣ ਨਾਲ ਗ੍ਰੀਨ ਟੀ ਦੇ ਬੈਗ ਨੂੰ ਫਰਿੱਜ ਵਿਚ ਰੱਖ ਕੇ ਉਸ ਥਾਂ 'ਤੇ ਰੱਖਣ ਨਾਲ ਲਾਭ ਮਿਲਦਾ ਹੈ। ਸਨਬਰਨ ਹੋਣ 'ਤੇ ਗ੍ਰੀਨ-ਟੀ ਦਾ ਬੈਗ ਫਰਿੱਜ ਵਿਚ ਰੱਖ ਕੇ ਪ੍ਰਭਾਵਿਤ ਚਮੜੀ 'ਤੇ ਰੱਖਣ ਨਾਲ ਲਾਭ ਹੁੰਦਾ ਹੈ। ਮਾਹਵਾਰੀ ਦੇ ਦਿਨਾਂ ਵਿਚ ਕਈ ਕੁੜੀਆਂ ਅਤੇ ਔਰਤਾਂ ਨੂੰ ਕਰੈਂਪਸ (ਕੁੜੱਲਾਂ) ਪੈਂਦੇ ਹਨ। ਗ੍ਰੀਨ-ਟੀ ਦੀ ਵਰਤੋਂ ਨਾਲ ਘੱਟ ਹੋ ਜਾਂਦੇ ਹਨ। ਗ੍ਰੀਨ-ਟੀ ਦਾ ਬਣਿਆ ਇਕ ਕੱਪ ਫਰਿੱਜ ਵਿਚ ਰੱਖੋ ਠੰਢਾ ਹੋਣ 'ਤੇ ਕੱਪੜੇ ਨੂੰ ਗਰੀਨ ਟੀ ਦੇ ਪਾਣੀ ਵਿਚ ਭਿਉਂ ਕੇ ਚਮੜੀ 'ਤੇ ਲਗਾਓ। ਚਮੜੀ ਸਾਫ਼ ਹੋਵੇਗੀ ਅਤੇ ਚਮਕ ਵੀ ਆਵੇਗੀ।

### ਹਰਨੀਆ

ਕਿਸੇ ਵੀ ਚੀਜ਼ ਦੀ ਬਹੁਤਾਤ ਨੁਕਸਾਨ ਵੀ ਪਹੁੰਚਾਉਂਦੀ ਹੈ। ਦਿਨ ਵਿਚ 2 ਤੋਂ 3 ਕੱਪ ਗ੍ਰੀਨ ਟੀ ਪੀ ਸਕਦੇ ਹੋ। ਇਸ ਤੋਂ ਜ਼ਿਆਦਾ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਜ਼ਿਆਦਾ ਗ੍ਰੀਨ-ਟੀ ਦੀ ਵਰਤੋਂ ਨਾਲ ਸਰੀਰ ਆਇਰਨ ਦੀ ਮਾਤਰਾ ਨੂੰ ਹਜ਼ਮ ਨਹੀਂ ਕਰ ਪਾਉਂਦਾ। ਅਨੀਮੀਆ ਵਾਲੇ ਰੋਗੀ ਗ੍ਰੀਨ-ਟੀ ਜਾਂ ਸਾਧਾਰਨ ਚਾਹ ਦੀ ਵਰਤੋਂ ਘੱਟ ਤੋਂ ਘੱਟ ਕਰਨ। ਜ਼ਿਆਦਾ ਗ੍ਰੀਨ ਟੀ ਦੀ ਵਰਤੋਂ ਨਾਲ ਆਸਟੀਓਪਰੋਸਿਸ ਦੀ ਸਮੱਸਿਆ ਵਧ ਜਾਂਦੀ ਹੈ ਕਿਉਂਕਿ ਜ਼ਿਆਦ ਚਾਹ ਦੀ ਵਰਤੋਂ ਨਾਲ ਸਰੀਰ ਵਿਚ ਕੈਲਸ਼ੀਅਮ ਘੱਟ ਜਜ਼ਬ ਹੋ ਪਾਉਂਦਾ ਹੈ।

ਗਰਭਵਤੀ ਔਰਤਾਂ ਅਤੇ ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਔਰਤਾਂ ਨੂੰ ਗ੍ਰੀਨ-ਟੀ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਗ੍ਰੀਨ-ਟੀ ਨਾ ਦਿਓ। ਬੱਚਿਆਂ ਵਿਚ ਪ੍ਰੋਟੀਨ ਅਤੇ ਫੈਟ ਵਰਗੇ ਜ਼ਰੂਰੀ ਨਿਊਟ੍ਰੀਐਂਟਸ ਦੇ ਜਜ਼ਬ ਹੋਣ ਵਿਚ ਰੁਕਾਵਟ ਪੈਂਦੀ ਹੈ।


### ਸਾਵਧਾਨੀਆਂ

ਅਲਸਰ ਅਤੇ ਅਸਿਡਿਟੀ ਵਾਲੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਚਾਹ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਖਾਣੇ ਤੋਂ ਅੱਧਾ ਘੰਟਾ ਪਹਿਲਾਂ ਅਤੇ ਦੋ ਘੰਟੇ ਬਾਅਦ ਚਾਹ ਦੀ ਵਰਤੋਂ ਤੋਂ ਬਚਣਾ ਚਾਹੀਦਾ ਹੈ। ਬੈੱਡ-ਟੀ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਚਾਹ ਦੀ ਵਰਤੋਂ ਨਾ ਕਰੋ। ਦੁੱਧ ਵਾਲੀ ਚਾਹ ਪੀਣ ਨਾਲ ਚਾਹ ਦੇ ਗੁਣ ਖ਼ਤਮ ਹੋ ਜਾਂਦੇ ਹਨ। ਚੀਨੀ ਪਾਉਣ ਨਾਲ ਐਸਿਡਿਟੀ ਵਧਦੀ ਹੈ ਅਤੇ ਸਰੀਰ ਵਿਚ ਕੈਲਸ਼ੀਅਮ ਘਟਦਾ ਹੈ। ਜੋ ਲੋਕ ਨੀਂਦ ਆਉਣ ਦੀ ਦਵਾਈ ਖਾਂਦੇ ਹਨ ਜਾਂ ਖ਼ੂਨ ਪਤਲਾ ਕਰਨ ਵਾਲੀ ਦਵਾਈ ਖਾਂਦੇ ਹਨ, ਉਨ੍ਹਾਂ ਨੂੰ ਗ੍ਰੀਨ-ਟੀ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

# ਟਾਲਸਟਾਏ ਦੀਆਂ ਮਿੰਨੀ ਕਹਾਣੀਆਂ

ਅਨੁਵਾਦ

ਪ੍ਰੋ. ਨਵ ਸੰਗੀਤ ਸਿੰਘ



### ਬੱਚੇ ਦਾ ਪਿਆਰ

ਇੱਕ ਮਾਂ ਦੇ ਦੋ ਬੇਟੇ ਸਨ। ਵੱਡਾ ਅੱਠ ਸਾਲ ਦਾ ਤੇ ਛੋਟਾ ਛੇ ਸਾਲ ਦਾ। ਦੋਵੇਂ ਬੜੇ ਚੰਗੇ ਤੇ ਆਗਿਆਕਾਰੀ ਸਨ। ਇਸ ਲਈ ਉਨ੍ਹਾਂ ਦੀ ਮਾਂ



ਉਨ੍ਹਾਂ ਨੂੰ ਬਹੁਤ ਪਿਆਰ ਕਰਦੀ ਸੀ। ਇੱਕ ਵਾਰ ਛੋਟਾ ਆਪਣੀ ਮਾਂ ਨੂੰ ਕਹਿਣ ਲੱਗਿਆ, "ਮੇਰੀ ਪਿਆਰੀ ਮਾਂ, ਤੂੰ ਮੈਨੂੰ ਇੰਨਾ ਪਿਆਰ ਨਹੀਂ ਕਰਦੀ, ਜਿੰਨਾ ਮੈਂ ਤੈਨੂੰ ਕਰਦਾ ਹਾਂ। " "ਤੂੰ ਇਸ ਤਰ੍ਹਾਂ ਕਿਉਂ ਸੋਚਦਾ ਹੈਂ ਬੇਟਾ ?" ਮਾਂ ਨੇ ਪੁੱਛਿਆ। "ਇਸ ਲਈ ਕਿ ਤੇਰੇ ਦੋ ਬੇਟੇ ਹਨ, ਪਰ ਮੇਰੀ ਕੇਵਲ ਇੱਕ ਹੀ ਮਾਂ ਹੈ," ਬੇਟਾ ਬੋਲਿਆ।

### ਅੰਨ੍ਹੇ ਦਾ ਦਿਮਾਗ

ਹਨੇਰੀ ਰਾਤ ਵਿੱਚ ਇੱਕ ਅੰਨ੍ਹਾ ਸੜਕ ਤੇ ਜਾ ਰਿਹਾ ਸੀ। ਉਹਦੇ ਹੱਥ ਵਿੱਚ ਇੱਕ ਲਾਲਟੈਣ ਸੀ ਅਤੇ ਸਿਰ ਉੱਤੇ ਮਿੱਟੀ ਦਾ ਘੜਾ। ਕਿਸੇ ਰਾਹ ਚੱਲਣ ਵਾਲੇ ਨੇ ਉਹਨੂੰ ਉੱਚੀ ਅਵਾਜ਼ ਵਿੱਚ ਪੁੱਛਿਆ, "ਓਏ ਮੂਰਖ, ਤੇਰੇ ਲਈ ਕੀ ਦਿਨ ਕੀ ਰਾਤ! ਦੋਵੇਂ ਇੱਕੋ ਜਿਹੇ ਹਨ। ਫ਼ੇਰ ਆਹ ਲਾਲਟੈਣ ਕਿਉਂ ਚੁੱਕੀ ਫਿਰਦੈਂ ?" ਅੰਨ੍ਹੇ ਨੇ ਜਵਾਬ ਦਿੱਤਾ, "ਇਹ ਲਾਲਟੈਣ ਮੇਰੇ ਲਈ ਨਹੀਂ, ਤੇਰੇ ਲਈ ਜ਼ਰੂਰੀ ਹੈ ਕਿ ਕਿਤੇ ਰਾਤ ਦੇ ਹਨੇਰੇ ਵਿੱਚ ਮੇਰੇ ਨਾਲ ਟਕਰਾ ਕੇ ਕਿਤੇ ਮੇਰਾ ਮਿੱਟੀ ਦਾ ਘੜਾ ਨਾ ਡੇਗ ਦੇਵੇਂ !"

### ਲਾਲਚ

ਇੱਕ ਬੱਚਾ ਉੱਚੀ ਉੱਚੀ ਰੋ ਰਿਹਾ ਸੀ। ਉਹਦੇ ਕੋਲੋਂ ਲੰਘ ਰਹੇ ਇੱਕ ਆਦਮੀ ਨੇ ਪੁੱਛਿਆ, "ਬੇਟਾ, ਕਿਉਂ ਰੋ ਰਿਹਾ ਹੈਂ ?" ਬੱਚਾ ਰੋਂਦਾ ਹੋਏ ਬੋਲਿਆ, "ਮੇਰਾ ਇੱਕ ਰੁਪਿਆ ਗੁਆਚ ਗਿਆ ਹੈ। " "ਕੋਈ ਗੱਲ ਨਹੀਂ। ਆਹ ਲੈ ਇੱਕ ਰੁਪਿਆ। " ਉਸ




ਆਦਮੀ ਨੇ ਬੱਚੇ ਨੂੰ ਰੁਪਿਆ ਦਿੰਦਿਆਂ ਕਿਹਾ। " ਬੱਚੇ ਨੇ ਰੁਪਿਆ ਲੈ ਲਿਆ ਅਤੇ ਫਿਰ ਹੋਰ ਵੀ ਜ਼ੋਰ ਨਾਲ ਰੋਣਾ ਸ਼ੁਰੂ ਕਰ ਦਿੱਤਾ। ਆਦਮੀ ਨੇ ਪੁੱਛਿਆ, "ਹੁਣ ਕੀ ਹੋਇਆ ?" ਬੱਚੇ ਨੇ ਡੁਸਕਦੇ ਹੋਏ ਕਿਹਾ, "ਜੇ ਮੇਰਾ ਰੁਪਿਆ ਨਾ ਗੁਆਚਿਆ ਹੁੰਦਾ ਤਾਂ ਹੁਣ ਮੇਰੇ ਕੋਲ ਦੋ ਰੁਪਏ ਹੁੰਦੇ।"



## ਮੁਸਕਾਨ

ਹਰਦਮ ਤੇਰੇ ਬੁੱਲ੍ਹਾਂ ਤੇ ਮੁਸਕਾਨ ਰਹੇ।
ਮੇਰੀ ਆਈ ਮੁੱਠੀ ਦੇ ਵਿੱਚ ਜਾਨ ਰਹੇ।
ਮੈਨੂੰ ਕੋਈ ਜਾਣੇ ਜਾਂ ਕੋਈ ਨਾ ਜਾਣੇ,
ਤੇਰੀ ਜੱਗ ਤੇ ਬਣੀ ਹਮੇਸ਼ਾ ਸ਼ਾਨ ਰਹੇ।
ਮੈਨੂੰ ਪੈਣਾ ਪੈ ਜੇ ਭਾਵੇਂ ਪਿੰਜਰੇ ਵਿੱਚ,
ਤੇਰੇ ਉੱਡਣੇ ਲਈ ਖੁੱਲਾ ਅਸਮਾਨ ਰਹੇ।
ਰੱਬ ਦੇ ਅੱਗੇ ਮੇਰੀ ਇੱਕ ਅਰਜ਼ੋਈ ਏ,
ਤੇਰਾ ਚੱਲਦਾ ਮੇਰੇ ਤੇ ਫ਼ੁਰਮਾਨ ਰਹੇ।
ਮੈਨੂੰ ਆਪਣੇ ਦੁੱਖ ਤੂੰ ਗਿਰਵੀ ਰੱਖ ਦੇਵੀਂ,
ਹੱਸਦਾ-ਵੱਸਦਾ ਤੇਰਾ ਸਦਾ ਜਹਾਨ ਰਹੇ।
ਐਨੀ ਜਿਆਦਾ ਹੋਵੇ ਖਿੱਚ ਮੁਹੱਬਤ ਦੀ,
ਇੱਕ ਦੂਜੇ ਦੇ ਹੱਥਾਂ ਦੇ ਵਿੱਚ ਜਾਨ ਰਹੇ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ


604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

## ਸ: ਹਰੀ ਸਿੰਘ ਨਲੂਏ ਦਾ ਅੰਤਿਮ ਸੰਦੇਸ਼

2353 ਜਿਨ੍ਹਾਂ ਚਿਰ ਲਹੌਰੋ ਨਾ ਆਉਣ ਫੌਜਾਂ, ਸਾਡੇ ਜਾਣ ਦਾ ਭੇਦ ਖੁਲਾਵਨਾ ਨਾ।
ਦੇਸ਼-ਕੌਮ ਲਈ ਅਸੀਂ ਸ਼ਹੀਦ ਹੋਣਾ, ਸੋਗ ਸਿੰਘੋ ਮੂਲ ਮਨਾਵਨਾ ਨਾ।
ਅਸੀਂ ਚੱਲੇ ਜੰਗਾਂ ਜਿੱਤ ਕੇ ਹਾਂ, ਖੁਸ਼ ਰਹਿਣਾ ਨੀਰ ਬਹਾਵਨਾ ਨਾ।
ਰਾਖੀ ਦੇਸ਼ ਦੀ ਕਰਨੀ ਦੁਸਮਨਾ ਤੋਂ, ਹਰਚੰਦ ਸਿੰਘ ਫ਼ਰਜ਼ ਭੁਲਾਵਨਾ ਨਾ॥

2354 ਦੇਸ਼-ਕੌਮ ਲਈ ਹਰੀ ਸਿੰਘ ਨਲੂਆ, ਇਹ ਆਖ ਸਹੀਦੀਆਂ ਪਾ ਸੁੱਤਾ।
ਰਹਿੰਦੀ ਦੁਨੀਆਂ ਰਹੇਗਾ ਨਾਮ ਉਸਦਾ, ਸੇਵਾ ਰੱਜ ਕੇ ਉਹ ਕਮਾ ਸੁੱਤਾ।
ਹਮਲਾ ਹੋਇਆ ਨਾ ਮੁੜ, ਅਫਗਾਨ ਵੱਲੋਂ, ਐਸਾ ਸਹਿਮ ਸੂਰਮੇ ਪਾ ਸੁੱਤਾ।
ਹਰਚੰਦ ਸਿੰਘਾ ਲਾਟ ਦੇ ਵਾਂਗ ਬਲਕੇ, ਦੇਸ-ਕੌਮ ਦੇ ਰਾਹ ਰੁਸ਼ਨਾ ਸੁੱਤਾ॥

## ਹਰੀ ਸਿੰਘ ਨਲੂਏ ਦਾ ਸੰਖੇਪ ਹਾਲ

2355 ਸਤਾਰਾਂ ਸੌ ਕਾਨਵੇ ਈ: ਦਾ, ਜਦ ਜਗ ਤੇ ਇਹ ਸੀ ਸਾਲ ਆਇਆ।
ਗੁਰਦਿਆਲ ਸਿੰਘ ਤੇ ਧਰਮ ਕੌਰ ਜੀ ਦੇ, ਗੁਜਰਾਂ ਵਾਲੇ ਘਰ ਸੀ ਲਾਲ ਆਇਆ।
ਹਰੀ ਸਿੰਘ ਸੀ ਰੱਖਿਆ ਨਾਮ ਇਸਦਾ, ਕੁਲ ਆਪਣੀ ਕਰਨ ਨਿਹਾਲ ਆਇਆ।
ਹਰਚੰਦ ਸਿੰਘਾ ਕੌਮ ਲਈ ਲੋ ਬਣਿਆ, ਦੀਵਾ ਆਪਣੇ ਮੱਥੇ ਬਾਲ ਆਇਆ॥

## ਹਰੀ ਸਿੰਘ ਨੇ ਲਹੌਰ ਦਰਬਾਰ ਵਿੱਚ ਆਉਣਾ

2356 ਬਸੰਤ ਪੰਚਮੀ ਸ਼ਹਿਰ ਲਹੌਰ ਵਿਖੇ, ਮਹਾਰਾਜ ਦਰਬਾਰ ਸਜਾਂਵਦੇ ਜੀ।
ਸਸਤਰ ਵਿਦਿਆ ਘੋੜ ਸਵਾਰੀਆਂ ਦੇ, ਆ ਗੱਭਰੂ, ਜੌਹਰ ਦਖਾਂਵਦੇ ਜੀ।
ਦੰਗਲ ਹੁੰਦੇ ਘੋਲ ਕਬੱਡੀਆਂ ਦੇ, ਦੌੜਾਂ, ਛਾਲਾਂ ਮੁੰਡੇ ਲਾਂਵਦੇ ਜੀ।
ਹਰਚੰਦ ਸਿੰਘਾ ਮਹਾਰਾਜ ਇਨਾਮ ਦੇਂਦੇ, ਜੋ ਗੱਭਰੂ ਅੱਵਲ ਆਂਵਦੇ ਜੀ॥

2357 ਚੌਦਾਂ ਸਾਲ ਦਾ ਭਰ ਜਵਾਨ ਜੁੱਸਾ, ਹਰੀ ਸਿੰਘ ਵੀ ਮੇਲੇ ਆਇਆ ਏ।
ਗੁਰ ਸਿੱਖ ਤੇ ਪੰਜ ਕਕਾਰ ਪਾਏ, ਜੌਹਰ ਆਪਣਾ ਆਣ ਦਿਖਾਇਆ ਏ।
ਰਣਜੀਤ ਸਿੰਘ ਨੂੰ ਐਨਾ ਪਸੰਦ ਆਇਆ, ਕੋਲ ਆਪਣੇ ਉਸ ਬੁਲਾਇਆ ਏ।
ਆਪਣੇ ਗਲ ਚੋਂ ਲਾਹ ਹਰਚੰਦ ਸਿੰਘਾ, ਕੈਂਠਾ ਹਰੀ ਸਿੰਘ ਦੇ ਪਾਇਆ ਏ॥

2358 ਅੰਗ ਰੱਖਿਅਕ ਆਪਣਾ ਲਾ ਉਸਨੂੰ, ਸਰਕਾਰ ਰੱਖਿਆ ਆਪਣੇ ਕੋਲ ਬੇਲੀ।
ਸ਼ੇਰੇ ਪੰਜਾਬ ਦੀ ਨਜ਼ਰ ਪਾਰਖੂ ਨੇ, ਹੀਰਾ ਕੀਮਤੀ ਲਿਆ ਏ ਟੋਲ੍ਹ ਬੇਲੀ।
ਹਰ ਸਮੇਂ ਸਰਕਾਰ ਦੇ ਨਾਲ ਰਹਿੰਦਾ, ਪੁਗਾਏ ਉਸਦੇ ਹਰ ਬੋਲ ਬੇਲੀ।
ਹਰਚੰਦ ਸਿੰਘਾ ਸ਼ੇਰਾਂ ਨੂੰ ਫੜ ਹੱਥੀਂ, ਦੇਵੇ ਜੰਗਲੀ ਉਨ੍ਹਾਂ ਨੂੰ ਰੋਲ ਬੇਲੀ॥

2359 ਸ਼ੇਰਿਦਿਲ ਰਜਮੈਂਟ ਸਰਕਾਰ ਦੀ ਜੋ, ਸਰਦਾਰ ਉਸਦਾ ਫੇਰ ਉਹ ਲਾ ਲਿਆ।
ਛੋਟੀ ਉਮਰੇ ਹਰੀ ਸਿੰਘ ਨਲੂਏ, ਨਾਮ ਆਪਣਾ ਵੇਖੋ ਚਮਕਾ ਲਿਆ।
ਗਿਆ ਸੂਰਮਾ ਜਿਸ ਮੁਹਿੰਮ ਉੱਤੇ, ਦੁਸ਼ਮਣ ਜਾ ਕੇ ਉਸ ਨੇ ਢਾਹ ਲਿਆ।
ਨਹੀ ਡਰਿਆ ਯੋਧਾ ਹਰਚੰਦ ਸਿੰਘਾ, ਫੱਟ ਭਾਵੇਂ ਕਿੱਡਾ ਹੀ ਖਾ ਲਿਆ॥

2360 ਸੰਨ 1810 ਈਸਵੀ ਨੂੰ, ਸਰ ਕੀਤਾ ਜਦ ਮੁਲਤਾਨ ਭਾਈ।
ਬਰੂਦ ਭਰ ਕੇ ਕਿਲੇ ਦੀ ਕੰਧ ਭੰਨੀ, ਪੱਥਰ ਵੱਜਿਆ ਸਿਰਤੇ ਆਣ ਭਾਈ।
ਸਿੱਟੇ ਕਿਲੇ ਤੋਂ ਸਨ ਅੰਗਿਆਰ ਬਲਦੇ, ਝੁਲਸ ਗਿਆ ਸੀ ਨਲੂਆ ਜਵਾਨ ਭਾਈ।
ਹਰਚੰਦ ਸਿੰਘਾ ਨਾਲੇ ਸਿਰ ਪਾਟਾ, ਮਸੀਂ ਬਚੀ ਉਸਦੀ ਜਾਨ ਭਾਈ॥

2361 ਸਿੱਘ ਰਾਜ ਦੇ ਲਈ ਸੂਰਮੇ ਨੇ, ਯੁੱਧ ਕੀਤੇ ਸੱਟਾਂ ਸਹਾਰੀਆਂ ਨੇ।
ਗੁਜਰਾਂ ਵਾਲੇ ਜਗੀਰ ਸਰਕਾਰ ਦਿੱਤੀ, ਇਨਾਮ ਦਿੱਤੇ ਖੋਲ੍ਹ ਪਟਾਰੀਆਂ ਨੇ।
ਰਣ ਵਿਚ ਜੂਝ ਕੇ ਮਿਟ ਗਿਆ, ਕਾਇਮ ਰੱਖੀਆਂ ਉਸ ਸਰਦਾਰੀਆਂ ਨੇ।
ਹਰਚੰਦ ਸਿੰਘਾ ਸਰਕਾਰ ਨੇ ਮੁੱਲ ਪਾਇਆ, ਜੋ ਨਲੂਏ ਤੇਗਾਂ ਮਾਰੀਆਂ ਨੇ॥

## ਸ਼ੇਰੇ ਪੰਜਾਬ ਨੂੰ ਸ: ਹਰੀ ਸਿੰਘ ਨਲੂਏ ਦੀ ਦੁਖਦਾਈ ਖਬਰ ਮਿਲਣੀ

2362 ਰੁਹਤਾਸ ਸਰਕਾਰ ਨੂੰ ਖਬਰ ਮਿਲੀ, ਹਲਕਾਰੇ ਲੈ ਕੇ ਚਿੱਠੀ ਆਵੰਦੇ ਨੇ।
ਮਹਾਂ ਸਿੰਘ ਨੇ ਕਹਿਕੇ ਜਿਵੇਂ ਭੇਜੇ, ਉਹੋ ਉਂਝ ਹੀ ਹੁਕਮ ਬਜਾਂਵਦੇ ਨੇ।
ਚਿੱਠੀ ਜਾ ਸਰਕਾਰ ਦੇ ਹੱਕ ਰੱਖੀ, ਕਿਸੇ ਹੋਰ ਨੂੰ ਨਹੀਂ ਫੜਾਂਵਦੇ ਨੇ।
ਹਰਚੰਦ ਸਿੰਘਾ ਸ਼ੇਰੇ ਪੰਜਾਬ ਚਿੱਠੀ, ਹੱਥੀਂ ਖੋਲ੍ਹ ਕੇ ਆਪ ਪੜ੍ਹਾਂਵਦੇ ਨੇ॥

2363 ਮਿਹਰਵਾਨ ਸਰਕਾਰ ਹਜ਼ੂਰ ਮੇਰੇ, ਮਹਾਂ ਸਿੰਘ ਫਤਹ ਬੁਲਾਂਵਦਾ ਏ।
'ਫਤਹ ਗੜ' ਕਿਲੇ ਜਮਰੌਦ ਵਿਚੋਂ ਖਬਰ ਦੁੱਖ ਦੀ ਇਕ ਸੁਣਾਂਵਦਾ ਏ।
ਸੁਣ ਆਪ ਨੂੰ ਆਉਣਾ ਸੱਚ ਨਾਹੀ, ਸੱਚ ਸਾਨੂੰ ਵੀ ਅਜੇ ਨਾ ਆਂਵਦਾ ਏ।
ਹਰਚੰਦ ਸਿੰਘਾ ਪੈ ਗਿਆ ਜੋ ਘਾਟਾ, ਕਿਸੇ ਮੁੱਲ ਨਾ ਪੂਰਿਆ ਜਾਂਵਦਾ ਏ॥

2364 ਸ਼ੇਰ ਦਿਲ ਸਰਦਾਰ ਹਰੀ ਸਿੰਘ ਨਲੂਆ, ਸਾਡੇ ਕੋਲੋਂ ਵਿਛੋੜੇ ਪਾ ਗਿਆ।
ਘੇਰਾ ਪਿਆ ਆਣ ਜਮਰੌਦ ਨੂੰ ਸੀ, ਮਾਰ ਵੈਰੀਆਂ ਉਹ ਭਜਾ ਗਿਆ।
ਦਰਾ ਖੈਬਰ ਦੇ ਵਿਚ ਸੀ ਰਾਤ ਵੇਲੇ, ਘਾਉ ਡੂੰਘੇ ਗੋਲੀ ਦੇ ਖਾ ਗਿਆ।
ਜਾਨ ਆਪਣੀ ਦੇ ਕੇ ਹਰਚੰਦ ਸਿੰਘਾ, ਜਾਨਾਂ ਸਾਡੀਆਂ ਉਹ ਬਚਾ ਗਿਆ॥

2365 ਖਤ ਆਪ ਨੂੰ ਹਰੀ ਸਿੰਘ ਕਈ ਘੱਲੇ, ਉਤਰ ਆਪਦੇ ਵੱਲੋਂ ਆਇਆ ਨਾ।
ਨਾ ਫੌਜ ਤੇ ਨਾ ਹੀ ਰਸਦ ਘੱਲੀ, ਗੋਲੀ ਸਿੱਕਾ ਵੀ ਛੇਤੀ ਪੁਚਾਇਆ ਨਾ।
ਬੁਖਾਰ ਨਾਲ ਸਰਦਾਰ ਬਿਮਾਰ ਹੈ ਸੀ, ਇਲਾਜ ਉਸਦਾ ਸਹੀ ਕਰਾਇਆ ਨਾ।
ਹਰਚੰਦ ਸਿੰਘਾ ਭਾਵੇਂ ਸੀ ਫੌਜ ਥੋੜ੍ਹੀ, ਸਿੰਘ ਸੂਰਮਾ ਰਤੀ ਘਬਰਾਇਆ ਨਾ॥

2366 ਜੰਗ ਭਾਵੇਂ ਵਕਤੀ ਜਿੱਤ ਲਈ, ਪਰ ਬੈਠੇ ਘਾਟਾ ਖਾ ਕੇ ਜੀ।
ਸਮਝ ਆਈ ਨਾ ਹਰੀ ਸਿੰਘ ਤਾਈਂ, ਤੁਸੀਂ ਬੈਠੇ ਕਿਉਂ ਫ਼ਰਜ਼ ਭੁਲਾ ਕੇ ਜੀ।
ਧਿਆਨ ਸਿੰਘ ਨੂੰ ਦਿਤੇ ਖ਼ਤ ਸਾਰੇ, ਹਲਕਾਰੇ ਦੱਸਿਆ ਸੌਂਹਾਂ ਖਾ ਕੇ ਜੀ।
ਹਰਚੰਦ ਸਿੰਘਾ ਇਹ ਕੀ ਹੋ ਰਿਹਾ, ਜ਼ਰਾ ਪੁੱਛੋਂ ਤੇ ਉਸਨੂੰ ਬਹਾ ਕੇ ਜੀ॥

2367 ਚਿੱਠੀ ਸੁਣ ਸਰਕਾਰ ਨੂੰ ਦੁੱਖ ਹੋਇਆ, ਧਿਆਨ ਸਿੰਘ ਨੂੰ ਕੋਲ ਬੁਲਾਇਆ ਏ।
ਆਹ ਚਿੱਠੀ ਪੜ ਸੁਣਾ ਮੈਨੂੰ, ਪੱਤਰ ਉਸਦੇ ਵੱਲ ਵਧਾਇਆ ਏ।
ਧਿਆਨ ਸਿੰਘ ਨੇ ਪੜ ਸੁਣਾ ਦਿੱਤਾ, ਮੂੰਹ ਉਡਿਆ ਮਨ ਘਬਰਾਇਆ ਏ।
ਹਰਚੰਦ ਸਿੰਘਾ ਵਕਤ ਵਚਾਉ ਬੰਦਾ, ਨੀਰ ਭਰ ਕੇ ਚਰਨੀ ਆਇਆ ਏ॥

## ਸ਼ੇਰੇ ਪੰਜਾਬ ਨੇ ਕਰੋਧਵਾਨ ਹੋਣਾ

2368 ਬੇਈਮਾਨਾ, ਨਮਕ ਹਰਾਮੀਆਂ ਓਏ, ਇਹ ਕੈਸਾ ਪਾਪ ਕਮਾ ਦਿੱਤਾ।
ਤੈਂ ਤਾਂ ਤੋੜਤੀ ਸੱਜੀ ਬਾਂਹ ਮੇਰੀ, ਮੇਰਾ ਅਣਖੀ ਸ਼ੇਰ ਗੁਆ ਦਿੱਤਾ।
ਕਿਸ ਗੱਲੋਂ ਸਾਨੂੰ ਨਾ ਖਬਰ ਕੀਤੀ, ਕਿਉਂ ਚਿਠੀਆਂ ਤਾਈ ਲੁਕਾ ਦਿੱਤਾ।
ਹਰਚੰਦ ਸਿੰਘਾ ਸਰਕਾਰ ਨੇ ਫੜ ਗੜਬਾ, ਧਿਆਨ ਸਿੰਘ ਦੇ ਵੱਲ ਬਘ੍ਹਾ ਦਿੱਤਾ॥

## ਧਿਆਨ ਸਿੰਘ ਦੀ ਚਤਰਾਈ

2369 ਗੱਲ ਗਲਤ ਹੈ ਇਹ ਸਰਕਾਰ ਸਾਰੀ, ਇਲਜ਼ਾਮ ਮੇਰੇ ਤੇ ਝੂਠਾ ਲਾਂਵਦੇ ਨੇ।
ਮੈਨੂੰ ਲੋੜ ਕੀ ਚਿਠੀਆਂ ਨੱਪਣੇ ਦੀ, ਖਾਰ ਮੇਰੇ ਨਾਲ ਇਹ ਖਾਂਵਦੇ ਨੇ।
ਹਰੀ ਸਿੰਘ ਦਾ ਮੈਨੂੰ ਵੀ ਦੁੱਖ ਹੋਇਆ, ਫਰਕ ਆਪਣੇ ਵਿਚ ਇਹ ਪਾਂਵਦੇ ਨੇ।
ਹਰਚੰਦ ਸਿੰਘਾ ਸੱਚ ਦੀ ਖੋਜ਼ ਕਰੀਏ, ਮਕਸਦ ਆਪਣਾ ਕੋਈ ਛੁਪਾਂਵਦੇ ਨੇ॥

2370 ਖੜਗ ਸਿੰਘ ਹੈ ਆਪਦਾ ਪੁੱਤ ਜੇਠਾ, ਤੁਸੀਂ ਉਸਦੇ ਹੱਕ ਸੀ ਰਾਜ ਕੀਤਾ।
ਪਤਾ ਆਪਨੂੰ ਨਲੂਏ ਉਸ ਵੇਲੇ, ਇਸ ਗੱਲ ਤੇ ਹੈਸੀ ਇਤਰਾਜ ਕੀਤਾ।
ਮੈਂ ਸਹਿਮਤੀ ਆਪਦੇ ਨਾਲ ਰੱਖੀ, ਮੇਰੇ ਨਾਲ ਨੀ ਤਾਹੀਂ ਲਿਹਾਜ ਕੀਤਾ।
ਬਦਲਾ ਖੋਰ ਨੇ ਵੇਖ ਹਰਚੰਦ ਸਿੰਘਾ, ਝੂਠ ਬੋਲ ਕੇ ਮੰਦਾ ਕਾਜ਼ ਕੀਤਾ॥

2371 ਹਰੀ ਸਿੰਘ ਆਪਦੇ ਮਰਨ ਪਿੱਛੋਂ, ਸਿਖ ਰਾਜ ਹੜਪਣਾ ਚਾਹੁੰਦਾ ਸੀ।
ਖਤਮ ਕਰਕੇ ਰਾਜ ਦੇ ਵਾਰਸਾਂ ਨੂੰ, ਰਾਜਾ ਬਣਨ ਦੀ ਬਣਤ ਬਣਾਉਂਦਾ ਸੀ।
ਇਸ ਰਾਜ ਤੇ ਹੱਕ ਹੈ ਖਾਲਸੇ ਦਾ, ਪੰਜ ਪਿਆਰਿਆਂ ਨੂੰ ਸੌਂਪਣਾ ਚਾਹੁੰਦਾ ਸੀ।
ਹਰਚੰਦ ਸਿੰਘਾ ਛੱਡ ਪਸ਼ੋਰ ਤਾਈਂ, ਮੁਸੱਮਨ (ਸੱਮਨ) ਬੁਰਜ ਤੇ ਨਜ਼ਰ ਟਕਾਉਂਦਾ ਸੀ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੈਲ !
www.dream-carpets.com
dream
carpets
Shaw
FLOORS
Ansonylon
STAINMASTER
CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch



# ਮੋਬਾਈਲ 'ਤੇ ਵੀ ਥੋੜ੍ਹਾ ਤਰਸ ਖਾਓ

ਇੱਕ ਸਰਵੇਖਣ ਮੁਤਾਬਿਕ ਏਸ਼ੀਆਈ ਸੈਲਾਨੀ ਸਭ ਤੋਂ ਜ਼ਿਆਦਾ ਆਪਣੇ ਸਮਾਰਟ ਫੋਨ ਨਾਲ ਚਿਪਕੇ ਰਹਿੰਦੇ ਹਨ। ਤੁਸੀਂ ਬੇਸ਼ੱਕ ਆਪਣਾ ਟੂਥ ਬਰੱਸ਼ ਤੇ ਪੇਸਟ ਨਾਲ ਲਿਜਾਣਾ ਭੁੱਲ ਜਾਓ, ਪਰ ਮੋਬਾਈਲ ਨਹੀਂ ਭੁੱਲ ਸਕਦੇ। ਸੈਲਾਨੀਆਂ ਮੁਤਾਬਿਕ ਸਮਾਰਟ ਫੋਨ, ਬਰੱਸ਼, ਟੂੱਥਪੇਸਟ, ਡਰਾਈਵਿੰਗ ਲਾਇਸੈਂਸ ਜਿਹੀਆਂ ਜ਼ਰੂਰਤਾਂ ਤੋਂ ਕਿਤੇ ਅੱਗੇ ਹੈ। ਇੱਕ ਵਾਰ ਇੱਕ ਲਿਫ਼ਟ ਵਿੱਚ ਇੱਕ ਆਦਮੀ ਨੇ ਇੱਕ ਮਹਿਲਾ, ਜਿਸ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਸੀ ਤੇ ਸਾਹ ਉਖੜ ਰਹੇ ਸਨ, ਨੂੰ ਪੁੱਛਿਆ, "ਤੁਹਾਨੂੰ ਦਮੇ ਦੀ ਤਕਲੀਫ਼ ਤਾਂ ਨਹੀਂ ਜਾਂ ਤੁਹਾਡਾ ਲਿਫ਼ਟ ਵਿੱਚ ਦਮ ਤਾਂ ਨਹੀਂ ਘੁਟ ਰਿਹਾ?" ਔਰਤ ਨੇ ਜਵਾਬ ਦਿੱਤਾ, "ਮੇਰਾ ਦਮ ਘੁਟ ਰਿਹਾ ਹੈ ਕਿਉਂਕਿ ਮੇਰੇ ਮੋਬਾਈਲ 'ਤੇ ਨੈੱਟਵਰਕ ਦਾ ਸਿਗਨਲ ਨਹੀਂ ਆ ਰਿਹਾ।" ਹੁਣ ਕੋਈ ਸਰਕਾਰੀ ਫ਼ਰਮਾਨ ਤਾਂ ਨਹੀਂ ਕੱਢ ਸਕਦੇ ਕਿ ਤੁਸੀਂ ਆਪਣਾ ਮੋਬਾਈਲ ਕਲਾਸਾਂ, ਸ਼ਮਸ਼ਾਨ ਤੇ ਮੀਟਿੰਗਾਂ ਆਦਿ ਵਿੱਚ ਨਾ ਵਰਤੋ ਕਿਉਂਕਿ ਲੋਕਾਂ ਨੂੰ ਖ਼ੁਦ ਇਨੀ ਜ਼ਿੰਮੇਵਾਰੀ ਵਿਖਾਉਣੀ ਚਾਹੀਦੀ ਹੈ ਕਿ ਕਿੱਥੇ ਮੋਬਾਈਲ 'ਤੇ ਗੱਲ ਕਰਨੀ ਹੈ ਤੇ ਕਿੱਥੇ ਨਹੀਂ। ਇੰਜ ਤਾਂ ਨਹੀਂ ਹੋ ਸਕਦਾ ਕਿ ਗੇਂਦਬਾਜ਼ ਮਲਿੰਗਾ ਰਨਅੱਪ ਕਰਦੇ ਵਿਰਾਟ ਕੋਹਲੀ ਵੱਲ ਤੂਫ਼ਾਨੀ ਬਾਲ ਸੁੱਟਣ ਲੱਗੇ ਤਾਂ ਕੋਹਲੀ ਉਸ ਨੂੰ ਹੱਥ ਵਿਖਾ ਕੇ ਰੋਕ ਦੇਵੇ ਤੇ ਇਹ ਕਹੇ, "ਇੱਕ ਮਿੰਟ ਭਾਈ ਸਾਹਿਬ, ਮੈਨੂੰ ਇੱਕ ਐਡ ਕੰਪਨੀ ਤੋਂ ਫੋਨ ਆਇਆ ਹੈ। ਦੋ ਮਿੰਟ ਗੱਲ ਕਰ ਲਵਾਂ। ਫਿਰ ਤੇਰੀ ਬਾਲ ਖੇਡਾਂਗਾ।" ਉਦੋਂ ਸਭ ਤੋਂ ਵੱਡੀ ਹੈਰਾਨੀ ਅਤੇ ਗੁੱਸਾ ਆਉਂਦਾ ਹੈ ਜਦੋਂ ਸ਼ਮਸ਼ਾਨ ਘਾਟ ਵਿੱਚ ਇੱਕ ਪਲ ਲੋਕ ਹੰਝੂ ਵਹਾਉਂਦੇ ਨਜ਼ਰ ਆਉਂਦੇ ਹਨ ਤੇ ਦੂਜੇ ਪਲ ਹੀ ਕਿਸੇ ਸਾਧਾਰਨ ਮਸਲੇ 'ਤੇ ਗੱਲ ਕਰਨ ਲਈ ਫੋਨ 'ਤੇ ਗੱਲ ਕਰਨ ਲੱਗਦੇ ਹਨ। ਕਈ ਵਾਰ ਤਾਂ ਉੱਚੀ ਆਵਾਜ਼ ਵਿੱਚ ਪੂਰੇ ਦ੍ਰਿਸ਼ ਦਾ ਵਰਣਨ ਹੋ ਜਾਂਦਾ ਹੈ, "ਹਾਂ ਜੀ, ਮੈਂ ਇੱਥੇ ਸੰਸਕਾਰ 'ਤੇ ਆਇਆ ਹਾਂ। ਬਸ ਹੁਣੇ ਫਾਰਗ ਹੋ ਕੇ ਤੁਹਾਡੇ ਕੋਲ ਪਹੁੰਚਦਾ ਹਾਂ। ਫਿਰ ਸ਼ਾਮ ਦੀ ਪਾਰਟੀ ਦਾ ਪਲੈਨ ਬਣਾਉਂਦੇ ਹਾਂ।" ਇੰਜ ਹੀ ਇੱਕ ਮੌਕੇ ਚਿਖਾ ਬਾਲਣ ਦੀ ਤਿਆਰੀ ਕਰ ਰਹੇ ਸੀ ਤਾਂ ਕਿਸੇ ਦਾ ਫੋਨ ਵੱਜਿਆ ਤੇ ਪੂਰੇ ਜ਼ੋਸ ਦੇ ਨਾਲ ਰਿੰਗਟੋਨ 'ਮੌਜਾ ਹੀ ਮੌਜਾਂ' ਵੱਜਣ ਲੱਗੀ। ਪੰਡਿਤ ਜੀ ਨੂੰ ਗੁੱਸਾ ਆਇਆ। ਉਹ ਬੋਲੇ, "ਬੰਦ ਕਰੋ ਫੋਨ, ਇਹ ਕੋਈ ਟਾਈਮ ਹੈ?" ਰਿਸ਼ਤੇਦਾਰਾਂ ਨੇ ਸਮਝਾਇਆ, "ਪੰਡਿਤ ਜੀ, ਇਹ ਤਾਂ ਸਹੀ ਗਾਣਾ ਹੈ। ਇਹ ਤਾਂ ਮਰ ਗਏ ਪਰ ਸਾਡੇ ਸਭ ਲਈ ਤਾਂ ਜਾਇਦਾਦ ਛੱਡ ਗਏ।" ਬੇਸ਼ੱਕ ਤੁਸੀਂ ਸਾਥੋਂ ਸਾਡੀ ਨੀਂਦ ਖੋਹ ਲਵੋ, ਖਾਣਾ ਖੋਹ ਲਵੋ, ਟੀਵੀ ਬੰਦ ਕਰ ਦਿਓ, ਪਰ ਮੋਬਾਈਲ ਬਗੈਰ ਇੱਕ ਮਿੰਟ ਇਉਂ ਲੱਗਦਾ ਹੈ ਕਿ ਸਾਨੂੰ ਸਮੇਂ ਦੀ ਸੁਨਾਮੀ ਨੇ ਉਛਾਲ ਕੇ ਕਿਤੇ ਪਟਕ ਦਿੱਤਾ ਹੋਵੇ। ਇੱਕ ਮਿੰਟ ਲਈ ਵੀ ਸਾਡੀ ਗੱਡੀ ਲਾਲ ਬੱਤੀ 'ਤੇ ਰੁਕਦੀ ਹੈ ਤਾਂ ਅਸੀਂ ਭੁੱਖੇ ਸ਼ੇਰ ਵਾਂਗ ਸਭ ਤੋਂ ਪਹਿਲਾਂ ਮੋਬਾਈਲ ਵੱਲ ਝਪਟਦੇ ਹਾਂ ਕਿ ਕਿਤੇ ਪਿਛਲੇ 40 ਸਕਿੰਟਾਂ ਵਿੱਚ ਸਾਨੂੰ ਕਿਸੇ ਨੇ ਮੈਸੇਜ ਤਾਂ ਨਹੀਂ ਕੀਤਾ। ਜੇ ਕਿਤੇ ਗੱਡੀ ਚਲਾਉਂਦੇ ਸਮੇਂ ਫੋਨ ਕਾਲ ਆ ਜਾਵੇ ਤਾਂ ਫਿਰ ਸਵਾਮੀ ਰਾਮਦੇਵ ਨੂੰ ਪਿੱਛੇ ਛੱਡਦੇ ਹੋਏ ਅਸੀਂ ਅਜਿਹੇ ਯੋਗ ਆਸਣ ਕਰਦੇ ਹਾਂ ਕਿ ਵਾਹ ਵਾਹ ਹੋ ਜਾਂਦੀ ਹੈ। ਦੇਖੋ ਤਾਂ, ਸੜਕ 'ਤੇ ਅੱਖਾਂ, ਇੱਕ ਹੱਥ ਸਟੇਅਰਿੰਗ 'ਤੇ, ਦੂਜੇ ਹੱਥ ਵਿੱਚ ਮੋਬਾਈਲ ਤੇ ਸਟੇਅਰਿੰਗ ਵਾਲਾ ਹੱਥ ਗੇਅਰ ਵੀ ਬਦਲਦਾ ਹੋਇਆ। ਇੰਨਾ ਭਿਆਨਕ ਯੋਗ ਆਸਣ ਕਰਨ ਉਪਰੰਤ ਵੀ ਯੋਗ ਗੁਰੂ ਨੂੰ ਲੱਗਦਾ ਹੈ ਕਿ ਅਸੀਂ ਯੋਗ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਸਭ ਤੋਂ ਵੱਧ ਚਿੰਤਾ ਵਾਲੀ ਗੱਲ ਹੈ ਕਿ ਅਸੀਂ ਸੈਲਫ਼ੀ ਖਿੱਚਦੇ ਖਿੱਚਦੇ ਮੌਤ ਦੇ ਮੂੰਹ ਵਿੱਚ ਛਲਾਂਗ ਲਗਾਉਣ ਵਿੱਚ ਦੁਨੀਆਂ 'ਚ ਪਹਿਲੇ ਨੰਬਰ 'ਤੇ ਹਾਂ। ਸਾਨੂੰ ਕਿੰਨਾ ਚੰਗਾ ਲੱਗਦਾ ਹੈ ਕਿ ਅਸੀਂ ਚਲਦੀ ਗੱਡੀ ਦੇ ਟਰੈਕ 'ਤੇ ਵੀ ਫ਼ੋਟੋ ਖਿੱਚ ਲੈਂਦੇ ਹਾਂ। ਉੱਚੀਆਂ ਪਹਾੜੀਆਂ ਉੱਪਰ ਵੀ ਇਹ ਕ੍ਰੇਜ਼ ਜਾਰੀ ਰਹਿੰਦਾ ਹੈ। ਪਤਾ ਤਾਂ ਉਦੋਂ ਹੀ ਲੱਗਦਾ ਹੈ ਜਦੋਂ ਅਸੀਂ ਆਪਣੇ ਦੇਸ਼ ਦੀਆਂ ਨਿੱਕੀਆਂ ਜਾਨਾਂ ਨੂੰ ਗੁਆ ਕੇ ਭੁੱਬੀਂ ਰੋਂਦੇ ਹਾਂ। ਇਸ ਲਈ ਦੋਸਤੋ, ਆਰਾਮ ਦਿਓ ਆਪਣੇ ਆਪ ਨੂੰ ਵੀ ਤੇ ਆਪਣੇ ਮੋਬਾਈਲ ਨੂੰ ਵੀ। ਜਿਹੜਾ ਮੋਬਾਈਲ ਤੁਹਾਨੂੰ ਤੁਹਾਡੇ ਦੋਸਤਾਂ ਨਾਲ ਮਿਲਾਉਂਦਾ ਹੈ, ਦੁਨੀਆਂ ਦੀ ਜਾਣਕਾਰੀ ਦਿੰਦਾ ਹੈ, ਤੁਹਾਡਾ ਹਰ ਪਲ ਸਾਥ ਦਿੰਦਾ ਹੈ, ਉਸ ਮੋਬਾਈਲ ਨੂੰ ਸਨਮਾਨ ਦਿਓ, ਆਰਾਮ ਦਿਓ। ਇੱਕ ਆਦਮੀ ਆਪਣੀ ਗੱਡੀ ਵਿੱਚ ਬੈਠ ਰਿਹਾ ਸੀ। ਡਰਾਈਵਰ ਕੋਲੋਂ ਉਸ ਨੇ ਪੁੱਛਿਆ, "ਮੋਬਾਈਲ ਦਾ ਚਾਰਜਰ ਰੱਖ ਲਿਆ?" "ਜੀ ਜਨਾਬ।" "ਲੈਪਟਾਪ ਦਾ ਚਾਰਜਰ ਰੱਖਿਐ?" "ਜੀ ਜਨਾਬ।" "ਕੈਮਰੇ ਦਾ ਚਾਰਜਰ ਰੱਖ ਲਿਆ?" "ਜੀ ਜਨਾਬ।" "ਚਲੋ ਗੱਡੀ ਚਲਾਓ।" ਥੋੜ੍ਹੀ ਦੂਰ ਜਾਣ ਮਗਰੋਂ ਉਸ ਆਦਮੀ ਨੇ ਕਿਹਾ, "ਡਰਾਈਵਰ, ਜ਼ਰੂਰੀ ਸਾਮਾਨ ਰੱਖ ਲਿਆ, ਪਰ ਫਿਰ ਵੀ ਪਤਾ ਨਹੀਂ ਕਿਉਂ ਲੱਗ ਰਿਹਾ ਹੈ ਕਿ ਮੈਂ ਕੋਈ ਖ਼ਾਸ ਚੀਜ਼ ਭੁੱਲ ਰਿਹਾ ਹਾਂ।" ਡਰਾਈਵਰ ਨੇ ਬਿਨਾਂ ਅੱਖਾਂ ਝਪਕਿਆਂ ਕਿਹਾ, "ਸਰ, ਬੁਰਾ ਨਾ ਮੰਨਣਾ, ਸ਼ਾਇਦ ਤੁਸੀਂ ਮੈਡਮ ਨੂੰ ਘਰ ਭੁੱਲ ਆਏ।" **—ਸਵਿਤਾ ਭੱਟੀ**








# ਜੇ ਤੂੰ ਬੈਠੋਂ ਖਾਰੇ ਵੇ...

ਵਿਭਿੰਨ ਸਮਾਜਿਕ ਤੇ ਧਾਰਮਿਕ ਅਵਸਰਾਂ 'ਤੇ ਕਈ ਕਿਸਮ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ, ਕਈ ਅਨੁਸ਼ਠਾਨਾਂ ਨੂੰ ਅੰਜਾਮ ਦੇਣ ਵਿੱਚ ਵਿਸ਼ਵਾਸ ਕੀਤਾ ਜਾਂਦਾ ਹੈ। ਸਮੇਂ ਸਮੇਂ ਅਨੁਸਾਰ ਉਨ੍ਹਾਂ ਦਾ ਵਿਸ਼ੇਸ਼ ਮਹੱਤਵ ਰਹਿੰਦਾ ਹੈ। ਕਈ ਹਾਲਤਾਂ ਵਿੱਚ ਉਨ੍ਹਾਂ ਰਸਮਾਂ ਨਾਲ ਕਈ ਮਾਨਤਾਵਾਂ ਵੀ ਜੁੜਦੀਆਂ ਜਾਂਦੀਆਂ ਹਨ। ਰਸਮਾਂ ਲੋਕ ਮਨ ਨਾਲ ਜੁੜਨ ਵਾਲਾ ਵਰਤਾਰਾ ਹੁੰਦੀਆਂ ਹਨ ਤੇ ਲੋਕ ਮਨ ਉਨ੍ਹਾਂ ਨੂੰ ਨਿਭਾ ਕੇ ਤਸੱਲੀ ਅਨੁਭਵ ਕਰਦਾ ਹੈ। ਡਾ: ਜੀਤ ਸਿੰਘ ਜੋਸ਼ੀ ਅਨੁਸਾਰ-"ਕਿਸੇ ਨਿਸਚਿਤ ਅਵਸਰ ਜਾਂ ਕਿਸੇ ਕਾਰਜ ਨੂੰ ਲੋਕਾਂ ਵੱਲੋਂ ਨਿਰਧਾਰਤ ਵਿਧੀ ਅਨੁਸਾਰ ਨਿਭਾਉਣਾ, ਰਸਮਾਂ ਅਦਾ ਕਰਨਾ ਅਖਵਾਉਂਦਾ ਹੈ। ਇਉਂ ਰਸਮ ਨਿਭਾਈ ਜਾਂਦੀ ਹੈ ਤੇ ਵਾਰ ਵਾਰ ਨਿਭਾਈ ਜਾਣ ਵਾਲੀ ਰਸਮ ਰੂੜ੍ਹ ਹੋ ਜਾਂਦੀ ਹੈ। ਰਸਮਾਂ ਮਾਨਵੀ ਜੀਵਨ ਨੂੰ ਸੁਹਜ ਭਰਪੂਰ ਹੀ ਨਹੀਂ ਬਣਾਉਂਦੀਆਂ, ਸਗੋਂ ਇਨ੍ਹਾਂ ਰਸਮਾਂ ਨਾਲ ਜੁੜੇ ਭਾਵ ਅਰਥ ਇਨ੍ਹਾਂ ਦੀ ਮਹੱਤਤਾ ਦਾ ਅਹਿਸਾਸ ਵੀ ਕਰਵਾਉਂਦੇ ਹਨ।"(ਲੋਕ ਕਲਾ ਅਤੇ ਸਭਿਆਚਾਰ ਮੁਢਲੀ ਜਾਣ ਪਛਾਣ, ਪੰਨਾ 149)। ਸਮੇਂ ਸਥਾਨ ਦੇ ਬਦਲਣ ਨਾਲ ਉਨ੍ਹਾਂ ਰਸਮਾਂ ਨੂੰ ਨਿਭਾਉਣ ਦੀ ਸ਼ਿੱਦਤ ਤੇ ਉਨ੍ਹਾਂ ਨੂੰ ਸਿਰੇ ਚਾੜ੍ਹਨ ਦੇ ਢੰਗ-ਤਰੀਕਿਆਂ ਵਿੱਚ ਵੀ ਅੰਤਰ ਆਉਂਦਾ ਰਹਿੰਦਾ ਹੈ। ਉਨ੍ਹਾਂ ਨੂੰ ਸਰਲ ਵੀ ਬਣਾ ਲਿਆ ਜਾਂਦਾ ਹੈ ਤੇ ਘੱਟ ਤੋਂ ਘੱਟ ਸਮੇਂ ਤੇ ਉਚੇਚ ਵਿੱਚ/ਨਾਲ ਉਨ੍ਹਾਂ ਰਸਮਾਂ ਨੂੰ ਨਿਭਾਉਣ ਦੇ ਯਤਨ ਹੋਣ ਲੱਗਦੇ ਹਨ। ਹੌਲੀ ਹੌਲੀ ਕਈ ਵਾਰ ਉਨ੍ਹਾਂ ਰਸਮਾਂ ਨੂੰ ਨਿਭਾਉਣ ਤੋਂ ਕੰਨੀ ਕਤਰਾਉਣ ਤੱਕ ਦੀ ਨੌਬਤ ਵੀ ਆ ਪਹੁੰਚਦੀ ਹੈ। ਵਿਆਹ ਦੇ ਅਵਸਰ ਤੇ ਕਈ ਰਸਮਾਂ ਨਿਭਾਈਆਂ ਜਾਂਦੀਆਂ ਹਨ। ਖਾਰੇ ਚੜਨਾ ਵਿਆਹ ਨਾਲ ਸਬੰਧਿਤ ਇੱਕ ਰਸਮ ਦਾ ਨਾਂ ਹੈ ਜੋ ਵਰ ਅਤੇ ਕੰਨਿਆ ਦੋਹਾਂ ਦੇ ਘਰੀਂ ਨਿਭਾਈ ਜਾਂਦੀ ਰਹੀ ਹੈ। ਕਾਨਿਆਂ ਦੇ ਬਣੇ ਚੌਰਸ ਟੋਕਰੇ ਨੂੰ ਖਾਰਾ ਕਿਹਾ ਜਾਂਦਾ ਹੈ। ਜੰਝ ਚੜ੍ਹਨ ਵਾਲੇ ਦਿਨ ਤੋਂ ਪਹਿਲੇ ਦਿਨ(ਜਾਂ ਉਸੇ ਦਿਨ) ਵਰ ਅਤੇ ਕੰਨਿਆਂ ਨੂੰ ਉਨ੍ਹਾਂ ਦੇ ਆਪਣੇ-ਆਪਣੇ ਘਰੀਂ ਖਾਰੇ ਉੱਪਰ ਬਿਠਾ ਕੇ ਰਸਮੀ ਤੌਰ 'ਤੇ ਇਸ਼ਨਾਨ ਕਰਵਾਇਆ ਜਾਂਦਾ ਹੈ। ਖਾਰੇ ਉੱਤੇ ਬਿਠਾ ਕੇ ਵਟਣਾ ਮਲ਼ ਕੇ ਨਹਾਉਣ ਦੀ ਰਸਮ ਪ੍ਰਚੱਲਿਤ ਰਹੀ ਹੈ। ਮੌਕੇ ਮੁਤਾਬਕ ਬਣਨ ਵਾਲੇ ਲਾੜੇ/ਲਾੜੀ ਨੂੰ ਖਾਰੇ ਦੀ ਥਾਂ 'ਤੇ ਪੀਹੜੀ ਜਾਂ ਚੌਂਕੀ 'ਤੇ ਵੀ ਬਿਠਾ ਲਿਆ ਜਾਂਦਾ ਹੈ।ਫਿਰ ਵੀ ਕਿਹਾ ਇਸ ਰਸਮ ਨੂੰ ਖਾਰੇ ਚੜ੍ਹਨਾ ਹੀ ਜਾਂਦਾ ਹੈ। ਪਹਿਲਾਂ ਵਰ/ਕੰਨਿਆਂ ਦੀ ਭਾਬੀ ਲਾਲ ਫੁਲਕਾਰੀ ਲੈ ਕੇ ਕਈ ਸ਼ਗਨ ਮਨਾ ਕੇ ਕਿਸੇ ਖੂਹ, ਚੋਅ ਜਾਂ ਛੰਭ ਤੋਂ ਪਾਣੀ ਦੀ ਘੜੋਲੀ ਭਰ ਕੇ ਲਿਆਉਂਦੀ ਹੈ। ਉਸ ਘੜੋਲੀ ਦੇ ਪਾਣੀ ਵਿੱਚ ਹੋਰ ਪਾਣੀ ਰਲਾ ਕੇ ਉਸ ਨੂੰ ਵਧਾ ਲਿਆ ਜਾਂਦਾ ਹੈ ਤੇ ਵਰ/ਕੰਨਿਆਂ ਨੂੰ ਖਾਰੇ ਉੱਤੇ ਬਿਠਾ ਕੇ ਇਸ਼ਨਾਨ ਕਰਵਾਇਆ ਜਾਂਦਾ ਹੈ। ਅਕਸਰ ਵਰ/ਕੰਨਿਆਂ ਦੀਆਂ ਭੈਣਾਂ, ਭਰਜਾਈਆਂ ,ਰਿਸ਼ਤੇਦਾਰ, ਆਂਢ-ਗਵਾਂਢ ਦੀਆਂ ਕੁੜੀਆਂ/ਔਰਤਾਂ ਇੱਕ ਫੁਲਕਾਰੀ ਜਾਂ ਫੱਟੀਆਂ ਵਾਲੇ ਚੋਪ ਦੀਆਂ ਚਾਰੇ ਕੰਨੀਆਂ ਫੜ ਕੇ ਵਰ/ਕੰਨਿਆ ਉੱਪਰ ਤਾਣ ਲੈਂਦੀਆਂ ਹਨ, ਫਿਰ ਵਟਣਾ ਮਲਿਆ ਜਾਂਦਾ ਹੈ ਅਤੇ ਨਾਲ-ਨਾਲ ਵਟਣੇ ਦੇ ਗੀਤ ਗਾਏ ਜਾਂਦੇ ਹਨ। ਇਸ਼ਨਾਨ ਕਰਨ ਉਪਰੰਤ ਜਦੋਂ ਲਾੜੇ/ਲਾੜੀ ਨੂੰ ਖਾਰੇ ਤੋਂ ਹੇਠਾਂ ਉਤਾਰਿਆ ਜਾਂਦਾ ਹੈ ਤਾਂ ਲਾੜੀ ਸੱਤ ਚੱਪਣੀਆਂ ਨੂੰ ਪੈਰਾਂ ਨਾਲ ਠੋਕਰ ਮਾਰ ਕੇ ਰੇੜ੍ਹਲ੍ਹਦੀ ਜਾਂ ਭੰਨ੍ਹਦੀ ਹੈ। ਇਨ੍ਹਾਂ ਚੱਪਣੀਆਂ ਵਿੱਚ ਹਲਦੀ ਤੇ ਚਾਵਲ ਪਾ ਕੇ ਪਹਿਲਾਂ ਹੀ ਖਾਰੇ ਕੋਲ ਜ਼ਮੀਨ ਉੱਤੇ ਰੱਖ ਲਿਆ ਜਾਂਦਾ ਹੈ। ਚੱਪਣੀਆਂ ਤੋੜਨ ਨੂੰ ਲਾੜ ਦੇ ਕੁਆਰੇ ਜੀਵਨ ਦੀਆਂ ਸਭ ਗ਼ਲਤੀਆਂ ਨੂੰ ਮੁਆਫ਼ ਕਰਨ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ( ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1192)। ਲਾੜੇ/ਲਾੜੀ ਨੂੰ ਖਾਰੇ ਤੋਂ ਉਤਾਰਨ ਵੇਲੇ ਨੂੰ 'ਖਾਰੇ ਦਾ ਉਤਾਰ' ਜਾਂ 'ਖਾਰਾ ਲੁਹਾਈ' ਵੀ ਕਹਿ ਲਿਆ ਜਾਂਦਾ ਹੈ। ਇਸ ਸਮੇਂ ਲਾੜੇ/ਲਾੜੀ ਨੂੰ ਪਿਆਰ ਵਜੋਂ ਸ਼ਗਨ ਦਿੱਤਾ ਜਾਂਦਾ ਹੈ। ਇਸ ਮੌਕੇ 'ਤੇ ਦਾਦਕਿਆਂ ਵੱਲੋਂ ਨਾਨਕਿਆਂ ਨੂੰ ਸਿੱਠਣੀਆਂ ਵੀ ਦਿੱਤੀਆਂ ਜਾਂਦੀਆਂ ਹਨ।

ਇਸ ਰਸਮ ਮੌਕੇ ਗਾਏ ਜਾਣ ਵਾਲੇ ਲੋਕ ਗੀਤਾਂ ਨੂੰ ਖਾਰੇ ਦੇ ਗੀਤ ਕਿਹਾ ਜਾਂਦਾ ਹੈ। ਇਨ੍ਹਾਂ ਗੀਤਾਂ ਰਾਹੀਂ ਸਕੇ-ਸਬੰਧੀਆਂ ਦੀਆਂ ਇਸਤਰੀਆਂ ਲਾਡਲ਼ੇ ਤੋਂ ਸਦਕੇ/ਬਲਿਹਾਰੇ ਜਾਂਦੀਆਂ ਹਨ। ਲਾੜੀ ਦੇ ਖਾਰੇ ਚੜ੍ਹਨ ਅਤੇ ਉਸ ਨੂੰ ਨਹਾਉਣ ਵੇਲੇ ਵੱਖਰੀ ਪ੍ਰਕਿਰਤੀ ਦੇ ਲੋਕ ਗੀਤ ਗਾਏ ਜਾਂਦੇ ਹਨ। ਔਰਤਾਂ ਆਪਣੀਆਂ ਦੋ ਟੋਲੀਆਂ ਬਣਾ ਲੈਂਦੀਆਂ ਹਨ। ਇੱਕ ਟੋਲੀ ਲੋਕ ਗੀਤ ਰਾਹੀਂ ਸਵਾਲ ਕਰਦੀ ਹੈ, ਦੂਜੀ ਟੋਲੀ ਜਵਾਬ ਦਿੰਦੀ ਜਾਂਦੀ ਹੈ। ਗਾਇਨ ਸ਼ੈਲੀ ਵਿੱਚ ਢਲ ਕੇ ਇਹ ਲੋਕ ਗੀਤ ਨਾਟਕੀ ਰੂਪ/ਰੁਖ਼ ਅਖ਼ਤਿਆਰ ਕਰ ਲੈਂਦੇ ਹਨ:

ਅੰਗਣ ਚਿੱਕੜਲ਼ ਕਿਸ ਕੀਤਾ, ਕਿਸ ਡੋਲ੍ਹਿਆ ਪਾਣੀ,
ਦਾਦੇ ਦੀ ਪੋਤਰੀ ਨ੍ਹਾਤੀ ਧੋਤੀ, ਉਸ ਡੋਲ੍ਹਿਆ ਪਾਣੀ।।।
ਅੰਗਣ ਚਿੱਕੜਲ਼ ਕਿਸ ਕੀਤਾ, ਕਿਸ ਡੋਲ੍ਹਿਆ ਪਾਣੀ,
ਮਾਮੇ ਦੀ ਭਣੇਈਂ ਨ੍ਹਾਤੀ ਧੋਤੀ, ਉਸੇ ਡੋਲ੍ਹਿਆ ਪਾਣੀ।।।

ਇਸ ਤਰ੍ਹਾਂ ਇੱਕ-ਇੱਕ ਕਰਕੇ ਬਹੁਤ ਸਾਰੇ ਰਿਸ਼ਤਿਆਂ ਦੇ ਨਾਵਾਂ ਦਾ ਜ਼ਿਕਰ ਖਾਰੇ ਦੇ ਇਨ੍ਹਾਂ ਲੋਕ ਗੀਤਾਂ ਵਿੱਚ ਆਉਂਦਾ ਹੈ। ਕਈ ਵਾਰ ਲਾਡਲੇ ਦੇ ਇਸ਼ਨਾਨ ਕਰਨ ਵੇਲੇ ਇਸ ਗੀਤ ਵਿੱਚ ਫੇਰ-ਬਦਲ ਕਰ ਕੇ ਇਸ ਨੂੰ 'ਦਾਦੇ ਦਾ ਪੋਤਾ ਨਾਤ੍ਹਾ ਧੋਤਾ, ਉਸ ਡੋਲ੍ਹਿਆ ਪਾਣੀ3 ਵਜੋਂ ਗਾ ਲਿਆ ਜਾਂਦਾ ਹੈ।

ਜਦੋਂ ਫੇਰਿਆਂ ਵੇਲੇ ਲਾਡਲੇ/ਲਾਡਲ਼ੀ ਨੂੰ ਖਾਰਿਆਂ ਉੱਤੇ ਬਿਠਾਇਆ ਜਾਂਦਾ ਸੀ ਤਾਂ ਉਸ ਸਮੇਂ ਗਾਏ ਜਾਣ ਵਾਲੇ ਖਾਰੇ ਦੇ ਲੋਕ ਗੀਤ ਵੇਦੀ ਦੀਆਂ ਥੰਮ੍ਹੀਆਂ ਵੱਲ ਸੰਕੇਤ ਕਰਨ ਵਾਲੇ ਹੁੰਦੇ ਸਨ:

ਇਹ ਚਾਰੇ ਥੰਮ੍ਹੀਆਂ ਵੇ ਪੱਟ ਲੰਮੀਆਂ
ਗੱਡੋ ਮੇਰੇ ਬਾਬਲ ਜੀ ਦੇ ਵਿਹੜਲ਼ੇ, ਮਾਂ ਵਾਰੀ।।
ਜੀਵੇਂ ਇਨ੍ਹਾਂ ਥੰਮ੍ਹੀਆਂ ਦੇ ਅੰਦਰੇ
ਮੋਤੀਆਂ ਚੌਕ ਪੁਰਾਓ, ਮਾਂ ਵਾਰੀ।।।
ਜੀਵੇਂ ਇਨ੍ਹਾਂ ਥੰਮ੍ਹੀਆਂ ਦੇ ਅੰਦਰੇ
ਰੁਕਮਣੀ ਕਾਨ੍ਹ ਬੈਠਾਓ, ਮਾਂ ਵਾਰੀ।।।
ਜੀਵੇਂ ਇਨ੍ਹਾਂ ਥੰਮ੍ਹੀਆਂ ਦੇ ਅੰਦਰੇ
ਲਗਨ ਸੁਧਾਓ, ਮਾਂ ਵਾਰੀ...

ਇਕ ਪੰਜਾਬੀ ਲੋਕ ਗੀਤ ਦੀਆਂ ਇਨ੍ਹਾਂ ਤੁਕਾਂ ਰਾਹੀਂ ਕੁੜੀਆਂ ਆਪਣੀਆਂ ਮਨੋ ਭਾਵਨਾਵਾਂ ਨੂੰ ਕੁਝ ਇਸ ਤਰ੍ਹਾਂ ਪ੍ਰਗਟ ਕਰਦੀਆਂ ਹਨ:

ਮਾਪਿਓ ਵੇ ਵਰ ਨਿੱਕੜਾ ਸਹੇੜਿਆ, ਦੇ ਕੇ ਗੁੜ ਦੀ ਰੋੜੀ
ਖਾਰੇ ਚੜ੍ਹਦਾ ਡੁਸ ਡੁਸ ਰੋਵੇ, ਕਿਸ ਕਿਸ ਦੇਵਾਂ ਲੋਰੀ...।

ਖਾਰੇ ਤੋਂ ਉਤਾਰਨ ਵਕਤ ਵੀ ਅਕਸਰ ਇਕ ਲੋਕ ਗੀਤ ਗਾਇਆ ਜਾਂਦਾ ਹੈ। ਇਸ ਲੋਕ ਗੀਤ ਰਾਹੀਂ ਰਚਿਆ ਕਾਵਿ ਸੰਵਾਦ ਵੇਖਣ ਵਾਲਾ ਹੈ:

ਖਾਰਾ ਚਿਤਰ-ਮਚਿਤਰਾ,ਖਾਰਾ ਅੜਿਆ
ਖਾਰੇ ਤੋਂ ਉਤਾਰ,ਮਾਮਾ ਵੱਡਿਆ।।।

ਜਦੋਂ ਮਾਮਾ ਭਾਣਜੇ/ਭਾਣਜੀ ਨੂੰ ਖਾਰੇ ਤੋਂ ਉਠਾਉਂਦਾ ਹੈ ਤਾਂ ਵੀ ਗੀਤਾਂ ਨੂੰ ਗਾਉਣ ਦਾ ਸਿਲਸਿਲਾ ਜਾਰੀ ਰਹਿੰਦਾ ਹੈ। ਵਿਆਹ ਦੇ ਅਵਸਰ ਤੇ ਖਾਰੇ ਚੜਲ੍ਹਨ ਦੀ ਇਹ ਰਸਮ ਹੁਣ ਲੋਕ ਚੇਤਨਾ ਵਿੱਚੋਂ ਵੀ ਲਗ ਪਗ ਲੋਪ ਹੁੰਦੀ ਜਾ ਰਹੀ ਹੈ। ਤਤਕਾਲ ਵਿੱਚ ਅਜਿਹੀਆਂ ਰਸਮਾਂ ਦਾ ਆਪਣਾ ਹੀ ਮਹੱਤਵ ਹੁੰਦਾ ਸੀ। ਹੁਣ ਵਿਆਹਾਂ ਦੀ ਤਰਜ਼ ਹੀ ਬਦਲ ਗਈ ਹੈ। ਮੈਰਿਜ ਪੈਲੇਸਾਂ ਵਿੱਚ ਹੁੰਦੇ ਵਿਆਹਾਂ ਨੇ ਵਿਆਹ ਸੱਭਿਆਚਾਰ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ ਹੈ ਤੇ ਵਿਆਹ ਦੇ ਅਵਸਰ ਵਿੱਚੋਂ ਬਹੁਤੀਆਂ ਰਸਮਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਵਿਸਰ ਰਹੀਆਂ ਅਜਿਹੀਆਂ ਰਸਮਾਂ ਨੂੰ ਚੇਤੇ ਕਰ ਲੈਣ ਦਾ ਵੀ ਆਪਣਾ ਹੀ ਮਹੱਤਵ ਹੈ। ਮੈਰਿਜ ਪੈਲੇਸ ਸੱਭਿਆਚਾਰ ਨੇ ਵਿਆਹ ਦੀਆਂ ਅਨੇਕ ਰਸਮਾਂ ਨੂੰ ਆਪਣੀ ਚਕਾਚੌਂਧ ਤੇ ਚਮਕ-ਦਮਕ ਦੇ ਬਹੁਤ ਪਿੱਛੇ ਕਿਧਰੇ ਉਹਲੇ ਜਿਹੇ ਵਿੱਚ ਧਕੇਲ ਦਿੱਤਾ ਹੈ। ਖਾਰੇ ਚੜ੍ਹਨ ਦੀ ਰਸਮ ਵੀ ਘਟ ਗਈਆਂ, ਮਿਟ ਗਈਆਂ, ਗੈਰਜ਼ਰੂਰੀ ਸਮਝੀਆਂ ਜਾਣ ਲੱਗ ਪਈਆਂ ਜਾਂ ਸਮੇਂ ਦੀ ਭੇਂਟ ਚੜ੍ਹ ਗਈਆਂ ਰਸਮਾਂ ਵਿੱਚ ਸ਼ਾਮਲ ਹੋ ਰਹੀ ਹੈ। ਹੁਣ ਇਹ ਰਸਮ ਵਕਤ ਦੇ ਧੁੰਦਲਕੇ ਵਿੱਚ ਖੋਂਹਦੀ ਚਲੀ ਜਾ ਰਹੀ ਹੈ,ਜਿਸਦੇ ਸੰਕੇਤ ਵੇਖੇ/ਸਮਝੇ ਜਾ ਸਕਦੇ ਹਨ। ਪੰਜਾਬੀ ਲੋਕ ਸਾਹਿਤ ਵਿੱਚ ਇਨ੍ਹਾਂ ਨੂੰ ਸੰਭਾਲ ਕੇ ਰੱਖਣ ਤੇ ਜੀਵਤ ਰੱਖਣ ਦੀ ਤਤਪਰਤਾ ਨੂੰ ਲੋਕਧਾਰਾ ਵਿਗਿਆਨੀਆਂ ਦੇ ਹਿੱਸੇ ਆਉਂਦੀ ਉਦਾਰਤਾ ਵਜੋਂ ਲਿਆ ਜਾਣਾ ਬਣਦਾ ਹੈ।








Applicable To All Leftover Tickets Keeping In View of
Celebration pf Navratri and Ganesh Utsav.

# ਸੋਨਮ ਤੇ ਸ਼ਹਿਨਾਜ਼ ਨਾਲ ਫ਼ਿਲਮ 'ਰੰਨਾਂ 'ਚ ਧੰਨਾ' ਵਿਚ ਨਜ਼ਰ ਆਵੇਗਾ ਦਿਲਜੀਤ

ਮੁੰਬਈ-ਪੰਜਾਬੀ ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਆਪਣੀ ਆਉਣ ਵਾਲੀ ਪੰਜਾਬੀ ਫਿਲਮ 'ਰੰਨਾਂ 'ਚ ਧੰਨਾ' ਵਿਚ ਸੋਨਮ ਬਾਜਵਾ ਅਤੇ ਸ਼ਹਿਨਾਜ਼ ਗਿੱਲ ਨਾਲ ਕੰਮ ਕਰੇਗਾ। ਇਸ ਦਾ ਐਲਾਨ ਫਿਲਮ ਨਿਰਮਾਤਾਵਾਂ ਨੇ ਅੱਜ ਕੀਤਾ ਹੈ। ਇਸ ਤੋਂ ਪਹਿਲਾਂ ਦਿਲਜੀਤ ਨੇ ਫਿਲਮ 'ਹੌਸਲਾ ਰੱਖ' ਵਿੱਚ ਸੋਨਮ ਬਾਜਵਾ ਤੇ ਸ਼ਹਿਨਾਜ਼ ਗਿੱਲ ਨਾਲ ਅਦਾਕਾਰੀ ਕੀਤੀ ਸੀ ਤੇ ਇਸ ਫਿਲਮ ਦੇ ਨਿਰਦੇਸ਼ਕ ਅਮਰਜੀਤ ਸਿੰਘ ਸਾਰੋਂ ਹੀ ਫਿਲਮ 'ਰੰਨਾਂ ਚ ਧੰਨਾ' ਦਾ ਵੀ ਨਿਰਦੇਸ਼ਨ ਕਰਨਗੇ। ਦਿਲਜੀਤ ਦੋਸਾਂਝ ਨੇ ਕਿਹਾ ਕਿ ਉਹ ਬਾਜਵਾ ਅਤੇ ਗਿੱਲ ਨਾਲ ਮੁੜ 'ਰੰਨਾਂ 'ਚ ਧੰਨਾ' ਵਿਚ ਕੰਮ ਕਰਨ ਲਈ ਕਾਫੀ ਖੁਸ਼ ਹੈ। ਉਸ ਨੇ ਕਿਹਾ, 'ਦਰਸ਼ਕਾਂ ਨੇ 'ਹੌਸਲਾ ਰੱਖ' ਵਿੱਚ ਸੋਨਮ ਬਾਜਵਾ ਅਤੇ ਸ਼ਹਿਨਾਜ਼ ਗਿੱਲ ਨਾਲ ਮੇਰੀ ਜੋੜੀ ਦਾ ਬਹੁਤ ਆਨੰਦ ਮਾਣਿਆ ਸੀ ਅਤੇ ਹੁਣ ਅਸੀਂ 'ਰੰਨਾਂ 'ਚ ਧੰਨਾ' ਨਾਲ ਹੋਰ ਵੀ ਮਜ਼ੇਦਾਰ, ਕਾਮੇਡੀ, ਰੋਮਾਂਸ ਅਤੇ ਮਨੋਰੰਜਨ ਨਾਲ ਵਾਪਸ ਆ ਰਹੇ ਹਾਂ।' ਥਿੰਦ ਮੋਸ਼ਨ ਪਿਕਚਰਜ਼ ਅਤੇ ਸਟੋਰੀਟਾਈਮ ਪ੍ਰੋਡਕਸ਼ਨ ਵੱਲੋਂ ਬਣਾਈ ਜਾ ਰਹੀ ਇਹ ਫਿਲਮ ਅਗਲੇ ਸਾਲ 2 ਅਕਤੂਬਰ ਨੂੰ ਰਿਲੀਜ਼ ਹੋਵੇਗੀ। ਦੱਸਣਾ ਬਣਦਾ ਹੈ ਕਿ ਇਸ ਫਿਲਮ ਦਾ ਐਲਾਨ ਸਾਲ 2020 ਵਿੱਚ ਕੀਤਾ ਗਿਆ ਸੀ ਪਰ ਕਰੋਨਾ ਮਹਾਮਾਰੀ ਕਾਰਨ ਇਸ ਦੀ ਸ਼ੂਟਿੰਗ ਮੁਲਤਵੀ ਕਰ ਦਿੱਤੀ ਗਈ ਸੀ ਤੇ ਹੁਣ ਇਸ ਦੀ ਸ਼ੂਟਿੰਗ ਮੁੜ ਸ਼ੁਰੂ ਕੀਤੀ ਗਈ ਹੈ।






# ਦਿਲਜੀਤ ਤੇ ਨੀਰੂ ਬਾਜਵਾ ਮੁੜ ਹੋਏ ਇਕੱਠੇ

## 'ਜੱਟ ਐਂਡ ਜੂਲੀਅਟ' ਦੇ ਤੀਜੇ ਭਾਗ ਦਾ ਕੀਤਾ ਐਲਾਨ

ਪੰਜਾਬੀ ਫ਼ਿਲਮ ਇੰਡਸਟਰੀ 'ਚ ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਦੀ ਜੋੜੀ ਦਾ ਕੋਈ ਤੋੜ ਨਹੀਂ ਹੈ। ਜਦੋਂ ਵੀ ਇਹ ਜੋੜੀ ਸਕ੍ਰੀਨ 'ਤੇ ਇਕੱਠੀ ਨਜ਼ਰ ਆਈ ਹੈ, ਉਦੋਂ ਪੰਜਾਬੀ ਫ਼ਿਲਮ ਇੰਡਸਟਰੀ 'ਚ ਨਵੇਂ ਰਿਕਾਰਡ ਬਣੇ ਹਨ। ਦੋਵਾਂ ਨੂੰ ਆਖਰੀ ਵਾਰ ਸਾਲ 2019 'ਚ ਰਿਲੀਜ਼ ਹੋਈ ਫ਼ਿਲਮ 'ਛੜਾ' 'ਚ ਇਕੱਠੇ ਦੇਖਿਆ ਗਿਆ ਸੀ। ਹੁਣ ਦੋਵਾਂ ਦੇ ਪ੍ਰਸ਼ੰਸਕਾਂ ਲਈ ਵੱਡੀ ਖ਼ਬਰ ਸਾਹਮਣੇ ਆਈ ਹੈ ਕਿਉਂਕਿ ਇਹ ਜੋੜੀ ਮੁੜ ਸਕ੍ਰੀਨ 'ਤੇ ਇਕੱਠੀ ਨਜ਼ਰ ਆਉਣ ਵਾਲੀ ਹੈ। ਜੀ ਹਾਂ, ਦਿਲਜੀਤ ਤੇ ਨੀਰੂ ਨੇ ਅੱਜ ਆਪਣੀ ਨਵੀਂ ਫ਼ਿਲਮ ਦਾ ਐਲਾਨ ਕੀਤਾ ਹੈ। ਇਹ ਫ਼ਿਲਮ ਕੋਈ ਹੋਰ ਨਹੀਂ, ਸਗੋਂ ਮਸ਼ਹੂਰ ਫਰੈਂਚਾਇਜ਼ੀ 'ਜੱਟ ਐਂਡ ਜੂਲੀਅਨ' ਦਾ ਤੀਜਾ ਭਾਗ ਹੈ। ਦੱਸ ਦੇਈਏ ਕਿ 'ਜੱਟ ਐਂਡ ਜੂਲੀਅਨ 3' ਅਗਲੇ ਸਾਲ 28 ਜੂਨ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਯਾਨੀ ਕਿ 'ਜੱਟ ਐਂਡ ਜੂਲੀਅਨ 2' ਦੇ 11 ਸਾਲਾਂ ਬਾਅਦ ਇਸ ਦਾ ਤੀਜਾ ਭਾਗ ਰਿਲੀਜ਼ ਹੋਣ ਜਾ ਰਿਹਾ ਹੈ। 'ਜੱਟ ਐਂਡ ਜੂਲੀਅਟ 3' ਨੂੰ ਲਿਖਿਆ ਤੇ ਡਾਇਰੈਕਟ ਜਗਦੀਪ ਸਿੱਧੂ ਵਲੋਂ ਕੀਤਾ ਜਾ ਰਿਹਾ ਹੈ। ਫ਼ਿਲਮ ਵ੍ਹਾਈਟ ਹਿੱਲ ਸਟੂਡੀਓਜ਼, ਸਪੀਡ ਰਿਕਾਰਡਸ ਤੇ ਸਟੋਰੀਟਾਈਮ ਪ੍ਰੋਡਕਸ਼ਨਜ਼ ਦੀ ਸਾਂਝੀ ਪੇਸ਼ਕਸ਼ ਹੈ।



# ਦਰਸ਼ਕਾਂ ਨੂੰ ਪਸੰਦ ਆਇਆ 'ਗੱਡੀ ਜਾਂਦੀ ਐ ਛਲਾਂਗਾਂ ਮਾਰਦੀ' ਫ਼ਿਲਮ ਦਾ ਟਰੇਲਰ




ਪੰਜਾਬੀ ਫ਼ਿਲਮ 'ਗੱਡੀ ਜਾਂਦੀ ਐ ਛਲਾਂਗਾਂ ਮਾਰਦੀ' ਦਾ ਟਰੇਲਰ ਕੁਝ ਦਿਨ ਪਹਿਲਾਂ ਹੀ ਰਿਲੀਜ਼ ਹੋਇਆ ਹੈ। ਟਰੇਲਰ ਤੋਂ ਪਤਾ ਲੱਗਦਾ ਹੈ ਕਿ ਇਹ ਫ਼ਿਲਮ ਦਾਜ ਵਰਗੇ ਗੰਭੀਰ ਵਿਸ਼ੇ ਨੂੰ ਕਾਮੇਡੀ ਦਾ ਤੜਕਾ ਲਗਾ ਕੇ ਸਮਾਜ ਨੂੰ ਇਕ ਸੇਧ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਬੇਸ਼ੱਕ ਇਹ ਇਕ ਕਾਮੇਡੀ ਫ਼ਿਲਮ ਹੈ ਪਰ ਜੇਕਰ ਕਾਮੇਡੀ ਦੇ ਨਾਲ ਸਮਾਜ ਨੂੰ ਕੋਈ ਸੁਨੇਹਾ ਦਿੱਤਾ ਜਾਵੇ ਤਾਂ ਇਸ ਤੋਂ ਵੱਧ ਹੋਰ ਕੁਝ ਨਹੀਂ ਹੋ ਸਕਦਾ ਤੇ ਇਹੀ ਚੀਜ਼ ਇਹ ਫ਼ਿਲਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਫ਼ਿਲਮ ਦੇ ਟਰੇਲਰ ਦੀ ਗੱਲ ਕਰੀਏ ਤਾਂ ਇਸ ਨੂੰ ਯੂਟਿਊਬ 'ਤੇ 8.2 ਮਿਲੀਅਨ ਯਾਨੀ 82 ਲੱਖ ਤੋਂ ਵੱਧ ਲੋਕਾਂ ਵਲੋਂ ਦੇਖਿਆ ਜਾ ਚੁੱਕਾ ਹੈ। ਟਰੇਲਰ ਵ੍ਹਾਈਟ ਹਿੱਲ ਮਿਊਜ਼ਿਕ ਦੇ ਚੈਨਲ 'ਤੇ ਰਿਲੀਜ਼ ਹੋਇਆ ਹੈ। 'ਗੱਡੀ ਜਾਂਦੀ ਐ ਛਲਾਂਗਾਂ ਮਾਰਦੀ' ਫ਼ਿਲਮ ਨੂੰ ਸਮੀਪ ਕੰਗ ਨੇ ਡਾਇਰੈਕਟ ਕੀਤਾ ਹੈ। ਫ਼ਿਲਮ ਦੀ ਕਹਾਣੀ ਨਰੇਸ਼ ਕਥੂਰੀਆ ਨੇ ਲਿਖੀ ਹੈ, ਜਿਸ ਨੂੰ ਗੁਨਬੀਰ ਸਿੰਘ ਸਿੱਧੂ, ਮਨਮੋਰਦ ਸਿੰਘ ਸਿੱਧੂ ਤੇ ਸੰਦੀਪ ਬਾਂਸਲ ਨੇ ਪ੍ਰੋਡਿਊਸ ਕੀਤਾ ਹੈ। ਫ਼ਿਲਮ 'ਚ ਐਮੀ ਵਿਰਕ, ਬੀਨੂੰ ਢਿੱਲੋਂ, ਜਸਵਿੰਦਰ ਭੱਲਾ, ਬੀ. ਐੱਨ. ਸ਼ਰਮਾ, ਜੈਸਮੀਨ ਬਾਜਵਾ, ਮਾਹੀ ਸ਼ਰਮਾ, ਹਰਦੀਪ ਗਿੱਲ, ਮਲਕੀਤ ਰੌਣੀ, ਹਨੀ ਮੱਟੂ, ਸੀਮਾ ਕੌਸ਼ਲ, ਸਤਵਿੰਦਰ ਕੌਰ, ਪਰਮਿੰਦਰ ਗਿੱਲ, ਗੁਰੀ ਘੁੰਮਣ, ਮੋਹਨ ਕੰਬੋਜ ਤੇ ਵਿਜੇ ਟੰਡਨ ਅਹਿਮ ਭੂਮਿਕਾਵਾਂ ਨਿਭਾਅ ਰਹੇ ਹਨ, ਜੋ ਦੁਨੀਆ ਭਰ 'ਚ 28 ਸਤੰਬਰ ਨੂੰ ਰਿਲੀਜ਼ ਹੋਣ ਜਾ ਰਹੀ ਹੈ।

ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold Key
INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

OPEN 7 DAYS

ICBC autoplan www.goldkeyinsurance.ca


fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$11.99 bag
EXTRA SUPER SUPER SPECIAL
BC Hot Chili Peppers
ਬੀਸੀ ਕੌੜੀਆਂ ਮਿਰਚਾਂ
$1.79 lb
Gala Apples USA #1
ਗਾਲਾ ਸੇਬ ਯੂ.ਐਸ. #੧
$1.29 lb
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$2.99 ea.
SUPER SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$2.88 lb
Chickpeas
ਚਿੱਟੇ ਛੋਲੇ
99¢ lb
Rapini (Sarson da Saag)
ਸਰਸੋਂ ਦਾ ਸਾਗ
$2.49 bunch
SUPER SPECIAL
Gala Apples BC
ਗਾਲਾ ਸੇਬ ਬੀਸੀ
79¢ lb
SUPER SPECIAL
Sher Multigrain Atta 10 lbs
ਸ਼ੇਰ ਮਲਟੀਗ੍ਰੇਨ ਅੱਟਾ
SHER Multigrain Atta
$9.99 bag
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
BC Carrots
ਗਾਜਰਾਂ ਬੀ ਸੀ
78¢ lb
SUPER SPECIAL
Cilantro
ਧਣੀਆ
2 bunches for $1.50
SUPER SPECIAL
Russet Potatoes Snoboy 10 lbs
ਆਲੂ ਰਸਟ ਸਨੋਬੁਆਏ
SNOBOY RUSSET POTATOES
$4.98 bag
Almonds #1
ਬਦਾਮ
$3.98 lb
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Spinach
ਪਾਲਕ
$1.49 bunch
Green, Red, Yellow & Orange Peppers BC
ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
99¢ lb
Indican Assam Tea 216's
ਇੰਡੀਕੈਨ ਅਸਾਮ ਚਾਹ
Indican
$7.99 box
Red Lentil Whole
ਮਸਰਾ ਦੀ ਸਾਬਤ ਦਾਲ
78¢ lb
Green Cabbage
ਹਰੀ ਬੰਦ ਗੋਭੀ
59¢ lb
Long Eggplants
ਲੰਬੇ ਬਤਾਊਂ
$1.49 lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
$1.29 lb
Red Lentil Whole, Red Lentil Split 4 lbs (Indican)
ਧੋਤੀ ਮਸਰਾਂ ਦੀ ਦਾਲ ਮਸਰਾ ਦੀ ਸਾਬਤ ਦਾਲ ( ਇੰਡੀਕੈਨ )
$3.98 bag
VISA MasterCard Interac DIRECT PAYMENT
Product images may differ from the actual product.
Fri Sep 22, 2023 - Wed Sep 27, 2023
We reserve the right to limit the quantities while they last
Specials valid for Lower Mainland only
22 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St.------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd.---------------- 604-244-9520